ਕਹੀਏ ਹਾਰ ਲਿਆਵੀਏ ਆਪਨੀ ਖੋਤੜੀ ਨੂੰ ॥ ਵੱਡੀ ਮਾਉਂ ਬਰਾਬਰ ਜਾਣੀਏ ਜੀ ਅਤੇ ਭੈਣ ਬਰਾਬਰ ਛੋਟੜੀ ਨੂੰ ॥ ਜਤੀ ਸਤੀ ਨਿਮਾਣਿਆਂ ਹੋਇ ਰਹੀਏ ਸਾਬਤ ਰੱਖਣਾਏ ਸਲੰਗੋਟੜੀ ਨੂੰ ॥ ਵਾਰਸਸ਼ਾਹ ਮੀਆਂ ਲੈ ਕੇ ਛੁਰੀ ਕਾਈ ਵੱਢ ਸੁੱਟਣਾ ਮਾਸ ਦੀ ਬੋਟੜੀ ਨੂੰ ॥

॥ ਕਲਾਮ ਰਾਂਝਾ ॥

ਸਾਬਤ ਹੋਇ ਲੰਗੋਟੜੀ ਸੁਣੀਂ ਨਾਥਾ ਕਾਹੇ ਝੁਗੜਾ ਚਾਇ ਉਜਾੜਦਾ ਮੈਂ ॥ ਜੇਤਾਂ ਇਸ਼ਕ ਤੋਂ ਵਰਜਿਆ ਜੀਉ ਰਹਿੰਦਾ ਕਾਨੂੰ ਐਡੜੇ ਪਾੜਨੇ ਪਾੜਦਾ ਮੈਂ ॥ ਜੀਉ ਮਾਰ ਕੇ ਸਬਰ ਜੇ ਹੋਇ ਮੈਥੋਂ ਐਡੇ ਮਾਮਲੇ ਕਾਸਨੂੰ ਹਾਰਦਾ ਮੈਂ ॥ ਜੇ ਮੈਂ ਹੋਇ ਕੇ ਮਸਤ ਉਜਾੜ ਬਹਿੰਦਾ ਮਹੀਂ ਸਿਆਲਾਂ ਦੀਆਂ ਕਾਸਨੂੰ ਚਾਰਦਾ ਮੈਂ ॥ ਸਿਰੋਂ ਰੋਡ ਕਰਾਇਕੇ ਕੰਨ ਪਾੜਨ ਜੇਤਾਂ ਗਰਬ ਹੰਕਾਰ ਨੂੰ ਮਾਰਦਾ ਮੈਂ ॥ ਹੋਰ ਵਾਇਦਾ ਮਗਰ ਨਾ ਕੋਈ ਮੇਰੇ ਇਕ ਰਖਦਾ ਹਾਂ ਗ਼ਮ ਯਾਰਦਾ ਮੈਂ ॥ ਜੇ ਮੈਂ ਜਾਣਦਾ ਹੱਸਦੋਂ ਮਨੇ ਕਰਦਾ ਤੇਰੇ ਟਿਲੇ ਤੇ ਧਾਰ ਨ ਮਾਰਦਾ ਮੈਂ ॥ ਇਕੇ ਕੰਨ ਦਰੁਸਤ ਕਰ ਦੇਹ ਮੇਰੇ ਨਹੀਂ ਘੱਤੂਗਾ ਕਟਕ ਸਰਕਾਰਦਾ ਮੈਂ ॥

॥ ਕਲਾਮ ਨਾਥ ॥

ਖਾਹਿ ਰਿਜ਼ਕ ਹਲਾਲ ਤੇ ਸਚ ਬੋਲੀਂ ਛਡ ਦੇਹ ਤੂੰ ਯਾਰੀਆਂ ਚੋਰੀਆਂ ਓਇ ॥ ਤੇਥਾਕ ਰੇਂ ਤਕਸੀਰ ਤਾਂ ਮਾਫ ਤੇਰੀ ਜੇਹੜੀਆਂ ਪਿਛਲੀਆਂ ਸਭਾਂ ਨਿਘੋਰੀਆਂ ਓਇ ॥ ਓਹ ਛੱਡ ਚਾਲੇ ਚੁਗ਼ਾਰ

ਘਨੇ ਵਾਲੇ ਛਨੇ ਪਾੜਕੇ ਘੱਤੀਆਂ ਮੋਰੀਆਂ ਓਇ ॥ ਪਿੱਛਾ ਛੱਡ ਜੱਟਾ ਲਈਆਂ ਸਾਂਭ ਖਸਮਾਂ ਜੇਹੜੀਆਂ ਪਾੜੀਆਂ ਖੇਡਦੀਆਂ ਝੋਰੀਆਂ ਓਇ ॥ ਧੋਇ ਧਾਇਕੇ ਮਾਲਕਾਂ ਵਰਤ ਲਈਆਂ ਜੇਹੜੀਆਂ ਚਾਟੀਆਂ ਕੀਤੀਆਂ ਖੋਰੀਆਂ ਓਇ ॥ ਰਜ਼ੇ ਵਿਚ ਤੈਂ ਰੇੜ੍ਹਿਆ ਕੰਮ ਚੋਰੀ ਕੋਈ ਖਰਬੀਆਂ ਨਹੀਂ ਤੈਂ ਬੋਰੀਆਂ ਓਇ ॥ ਛੱਡ ਸੱਭ ਬੁਰਿਆਈਆਂ ਖ਼ਾਕ ਹੋਜਾ ਕਰ ਨਾਲ ਨਾ ਜਗਤ ਦੇ ਜੋਰੀਆਂ ਓਇ ॥ ਜੋਇ ਰਾਹਿਕਾਂ ਜੋਤ ਲਾਇ ਵਿੱਤੇ ਜੇਹੜੀਆਂ ਅਰਲੀਆਂ ਭੰਨੀਆਂ ਤੇੜੀਆਂ ਓਇ ॥ ਤੇਰੀਆਂ ਜਜ਼ੀ ਅਸਾਂ ਮਨਜ਼ੂਰ ਕੀਤੀ ਤਾਹੀਂ ਮੁੰਦਰਾਂ ਕੰਨ ਵਿਚ ਸੋਹੀਆਂ ਓਇ ॥ ਵਾਰਸਸ਼ਾਹ ਨਾ ਆਦਤਾਂ ਜਾਂਦੀਆਂ ਨੀ ਭਾਵੇਂ ਕੱਟੀਏ ਪੋਰੀਆਂ ਪੋਰੀਆਂ ਓਇ ॥

॥ ਕਲਾਮ ਰਾਂਝਾ ॥

ਨਾਥਾ ਜਿਉਂਦਿਆਂ ਮਰਨ ਹੈ ਖਰਾ ਔਖਾ ਸਾਥੋਂ ਐਤਨਾ ਵਾਇਦੇ ਹੋਵਣੇ ਨੇ ॥ ਅਸੀ ਜੱਟ ਹਾਂ ਨਾੜੀਆਂ ਕਜ਼ਨ ਵਾਲੇ ਅਸਾਂ ਵਖਰੜੇ ਨਹੀਂ ਪਰੋਵਣੇ ਨੇ ॥ ਐਵੇਂ ਕੰਨ ਪੜਵਾਇਕੇ ਖ਼ੁਆਰ ਹੋਏ ਸਾਥੋਂ ਨਹੀਂ ਹੁੰਦੇ ਐਡੇ ਰੋਵਣੇ ਨੇ ॥ ਸਾਥੋਂ ਖੱਪਰੀ ਨਾਦ ਨਾ ਜਾਇ ਸਾਂਭਿਆ ਅਸਾਂ ਐਤਨੂੰ ਢਗੇਹੀ ਜੋਵਣੇ ਨੇ ॥ ਰੰਨਾਂ ਵੇਣ ਗਾਲੀ ਅਸੀ ਚੁਪ ਕਰੀਏ ਐਡੇ ਸਬਰ ਦੇ ਪੈਰ ਕਿਸ ਧੋਵਣੇ ਨੇ ॥ ਰੰਨਾਂ ਦੇਖਣੇ ਵਰਜਦੇ ਚੇਲਿਆਂ ਨੂੰ ਏਹ ਗੁਰੂ ਨ ਕਿਨ੍ਹ ਕੇ ਹੋਵਣੇ ਨੇ ॥ ਹਸਨ ਖੇਡਨੇ ਤੁਸਾਂ ਚਾ ਮਨੇ ਕੀਤਾ ਅਸਾਂ ਧੂਏਂ ਦੇ

ਰੋਹੇ ਨਾ ਢੋਵਣੇਨੇ ॥ ਛੂਹੀ ਵਿਚਮੈਂ ਸਿੱਧੀ ਨ ਢੈਗਵਿਰਨੀ ਵੇਹੁਜੋਗਨਹੀਂ ਵਡੇ ਫੈਂਵਣੇ ਨੇ ॥ ਜੇਹੜਾ ਸੁਖ਼ਨ ਨਾ ਕਰੇ ਮਨਜ਼ੂਰਕੋਈ ਐਵੇਂ ਆਖਕੇਕਾਇ ਵਗੋਵਣੇਨੇ ॥ ਵਾਰਸਸ਼ਾਹ ਕੀ ਜਾਣੀਏ ਅੰਤ ਆਖਰ ਖਟੇ ਫੋਵਣੇ ਕਿ ਮਿਠੇਚੋਵਣੇਨੇ॥

॥ ਕਲਾਮ ਨਾਥ ॥

ਛੱਡ ਚੋਰੀਆਂ ਯਾਰੀਆਂ ਵਗਾ ਜੱਟਾ ਬਹੁਤ ਔਖੀਆਂ ਏਹ ਫ਼ਕੀਰੀਆਂਨੇ ॥ ਜੋਗ ਜਾਲਨਾ ਮਾਰਦਾ ਨਿਗਲਨਾ ਹੈ ਏਸ ਜੋਗ ਵਿਚ ਬਹੁਤ ਜ਼ਹੀਰੀਆਂਨੇ॥ਤੇਰੇ ਪਾੜਕੇਕੰਨ ਚਾਕੜੀ ਮੁੰਦ੍ਰਾਂਜਿਵੇਂ ਊਠਦੇਨੱਕ ਨਥੀਰੀਆਂਨੇ॥ਜੋਗੀਹੋਇ ਨਸੀਹਤਾਂ ਨਾਲ ਜਾਂਦੇ ਜਿਵੇਂ ਨੱਕਟੇਵਿਚਨਕੀਰੀਆਂਨੇ ॥ ਛੱਡ ਤ੍ਰੀਮਤਾਂ ਦੀ ਝਾਕ ਹੋਇਜੋਗੀ ਫ਼ਕਰ ਨਾਲ ਜਹਾਨਕੀ ਸੀਰੀਆਂਨੇ॥ ਪਹਿਲੇ ਭੁੱਲ ਤੇ ਲੁੱਲ ਨੂੰ ਵੱਸ ਕਰੀਏ ਸਭੋ ਏਸਦੇ ਵਿਚ ਪੰਜ ਪੀਰੀਆਂਨੇ॥ ਭੂੰਬਾਸਿਮਰਨੀਖੱਪਰੀਸਿੰਙਿਚਿਮਟਾਭੰਗ ਅਤੇ ਅਫੀਮ ਨਲੀਰੀਆਂਨੇ ॥ ਵਾਰਸਸ਼ਾਹ ਏਹਜੱਟ ਫ਼ਕੀਰ ਹੋਯਾ ਨਾਹੀਂ ਹੋਂਦੀਆਂ ਗਧੇ ਥੋਂ ਪੀਰੀਆਂ ਨੇ ॥

॥ ਕਲਾਮ ਰਾਂਝਾ ॥

ਸਾਨੂੰਜੋਗਦੀ ਰੀਝਚਰੋਕਨੀਸੀ ਜਦੋਂ ਹੀਰਸਯਾਲ ਮਹਬੂਬ ਕੀਤੇ ॥ ਛੱਡ ਦੇਸ ਸ਼ਰੀਕ ਕਬੀਲੜੇਨੂੰ ਅਸਾਂਸ਼ਰਨ ਤੇ ਤੇਰੀ ਮਨਜ਼ੂਬ ਕੀਤੇ॥ ਰੱਬਾਹੀਰਦੇਨਾਲਮੀ ਉਮਰ ਗਾਲੀ ਅਸਾਂ ਮਜੇ ਜੁਆਨੀ ਦੇ ਖੂਬਕੀਤੇ ॥ ਹੀਰ ਛਡੀਆਂ ਨਾਲਮੈਂ ਮੱਸ

ਭਿੰਨਾ ਅਸਾਂ ਨੂੰ ਹੋਤੇ ਨਸ਼ੇ ਮਹਿਬੂਬ ਕੀਤੇ ॥ ਹੋਇਆ ਰਿਜ਼ਕ ਉਦਾਸ ਤਾਂ ਗੱਲ ਚੱਲੀ ਮਾਪਿਆਂ ਵਿਆਹ ਦੇ ਚਾਇ ਮਤਲੂਬ ਕੀਤੇ ॥ ਘਰਦਿਆਂ ਕੈਦ ਦਿੱਤੀ ਭਈ ਬੁਰੀ ਸਾਇਤ ਨਾਲ ਖੇੜਿਆਂ ਦੇ ਮਨਸੂਬ ਕੀਤੇ ॥ ਪਿਆ ਵਖਤ ਤਾਂ ਜੋਗ ਵਿਚ ਆਇ ਫਾਥੇ ਇਹ ਫਾਇਦੇ ਆਨ ਮਤਲੂਬ ਕੀਤੇ ॥ ਇਸ਼ਕ ਨਾਲ ਫਰਿਹਾਦ ਅਜੂਬ ਯੂਸਫ਼ ਨਾਰੇ ਦਰਦ ਦੇ ਬਹੁਤ ਅਜੂਬ ਕੀਤੇ ॥ ਇਸ਼ਕ ਸੋਹਣੀ ਤੇ ਮਹੀਂਵਾਲ ਹੋਇਆ ਲੈਲਾਂ ਮਜਨੂੰ ਸੁਕ ਤਾਬੂਤ ਕੀਤੇ ॥ ਸੱਸੀ ਪੁੰਨੂੰ ਨੂੰ ਇਸ਼ਕ ਦੀ ਵਾਅ ਲਗੀ ਨਸ਼ੇ ਪ੍ਰੇਮ ਦੇ ਦੁਹਾਂ ਨੇ ਖੂਬ ਪੀਤੇ ॥ ਏਸ ਜ਼ੁਲਫ਼ ਨੇ ਸੀਰ ਮਹਿਬੂਬ ਦੀ ਨੇ ਵਾਰਸ ਸ਼ਾਹ ਹੋਰੀ ਮਜਜ਼ੂਬ ਕੀਤੇ ॥

॥ ਕਲਾਮ ਸ਼ਾਇਰ ॥

ਨਾਬਮੀਦ ਅੱਖਾਂ ਦਰਗਾਹ ਅੰਦਰ ਨਾਲੇ ਅਰਜ਼ ਕਰਦਾ ਨਾਲੇ ਸੰਗਦਾ ਜੀ ॥ ਦਰਗਾਹ ਲਉ ਖ਼ਾਲੀ ਹੈ ਹਕ ਵਾਲੀ ਉਥੇ ਆਦਮੀ ਬੋਲਦਾ ਸੰਗਦਾ ਜੀ ॥ ਨਾਲੇ ਜ਼ਿਮੀਂ ਅਸਮਾਨ ਦਾ ਤੂੰ ਵਾਰਸ ਤੇਰਾ ਵਡਾ ਪਸਾਰੜਾ ਰੰਗ ਦਾ ਜੀ ॥ ਰਾਂਝਾ ਜੱਟ ਫ਼ਕੀਰ ਹੁਨ ਆਨ ਹੋਇਆ ਲਾਹ ਆਸਰਾ ਸਾਕ ਤੇ ਅੰਗ ਦਾ ਜੀ ॥ ਮਾਰ ਹੀਰ ਦੇ ਨੈਨਾਂ ਨੇ ਖੁਆਰ ਕੀਤਾ ਲੱਗਾ ਜਿਗਰ ਵਿਚ ਤੀਰ ਤੁਰੰਗ ਦਾ ਜੀ ॥ ਮੈਨੂੰ ਇਸ਼ਕ ਨੇ ਮਾਰ ਹੈਰਾਨ ਕੀਤਾ ਸਾੜ ਗਿਆ ਜਿਵੇਂ ਅੰਗ ਪਤੰਗ ਦਾ ਜੀ ॥ ਕੰਨ ਪਾੜ ਮੁਨਾ ਇਕੇ ਸੀਸ ਦਾੜ੍ਹੀ ਪੀ ਬਹੇ ਪਿਆਲੜਾ ਭੰਗ ਦਾ ਜੀ ॥ ਸਭ ਛਡ ਚਤਰਾਈਆਂ ਬੈਨ

ਤਕਵਾ ਲਾਹ ਆਸਰਾ ਸਾਕ ਤੇ ਅੰਗਦਾ ਜੀ ॥ ਤੁਸੀਂ ਰੱਬ
ਗਰੀਬ ਨਿਵਾਜ਼ ਸਾਹਿਬ ਸੁਆਲ ਮੰਨਣਾ ਉਸ ਮਲੰਗ ਦਾ ਜੀ
॥ ਪੰਜਾਂ ਪੀਰਾਂ ਦਰਗਾਹ ਵਿੱਚ ਅਰਜ਼ ਕੀਤੀ ਦੇਓ ਫ਼ਕਰ ਨੂੰ
ਜਨਮ ਪਲੰਗਦਾ ਜੀ ॥ ਕੀਕੂੰ ਹੁਕਮ ਹੈ ਖੋਲ੍ਹ ਕੇ ਕਹੋ ਅਸਲੀ
ਰਾਂਝਾ ਹੋਇ ਜੋਗੀ ਹੀਰ ਮੰਗਦਾ ਜੀ॥ ਹੋਯਾ ਹੁਕਮ ਦਰਗਾਹ
ਥੀਂ ਹੀਰ ਬਖ਼ਸ਼ੀ ਬੇੜਾ ਲਾਇ ਦਿੱਤਾ ਅਸੀ ਵੰਗਦਾ ਜੀ ॥
ਵਾਰਸਸ਼ਾਹ ਹੁਣ ਜਿਨ੍ਹਾਂ ਨੂੰ ਰੱਬ ਬਖ਼ਸ਼ੇ ਤਿਨ੍ਹਾਂ ਨਾਲ ਕੀ
ਮਹਿਕਮਾਂ ਜੰਗਦਾ ਜੀ ॥

॥ ਕਲਾਮ ਨਾਥ ॥

ਨਾਥ ਖੋਲ੍ਹ ਅੱਖੀਂ ਕਹਿਆ ਰਾਂਝਣੇ ਨੂੰ ਬੱਚਾ ਜਾਹ ਤੇਰਾ ਕੰਮ
ਹੋਇਆਈ ॥ ਫੁਲ ਆਇ ਲੱਗਾ ਉਸ ਬੂਟੜੇ ਨੂੰ ਜੇਹੜਾ ਵਿਚ
ਦਰਗਾਹ ਦੇ ਬੋਇਆਈ ॥ ਹੀਰ ਬਖ਼ਸ਼ ਦਿੱਤੀ ਸੱਚੇ ਰੱਬ ਤੈਨੂੰ
ਮੋਤੀ ਲਾਲ ਦੇ ਨਾਲ ਪਰੋਇਆਈ ॥ ਤੇਰੀ ਅਰਜ਼ ਦਰਗਾਹ
ਕਬੂਲ ਪਈ ਜੋ ਕੁਛ ਚਾਹੁੰਦਾ ਸੈਂ ਸੋਈ ਹੋਇਆਈ ॥ ਚੜ੍ਹ
ਦੌੜ ਕੇ ਜਿੱਤ ਲੈ ਖੇੜਿਆਂ ਨੂੰ ਬੱਚਾ ਸ਼ਗਨ ਤੈਨੂੰ ਭਲਾ ਹੋਇਆਈ॥
ਕਮਰਾਂ ਕੱਸ ਉਦਾਸੀਆਂ ਪਹਿਨ ਲਈਆਂ ਜੋਗੀ ਤੁਰਤ ਤਿਆਰ
ਹੀ ਹੋਇਆਈ ॥ ਖ਼ੁਸ਼ੀ ਹੋਇ ਕੇ ਕਰੇ ਜੀ ਵਿਦਾ ਮੈਨੂੰ ਹਥ ਜੋੜ ਕੇ
ਆਨ ਖਲੋਇਆਈ ॥ ਵਾਰਸਸ਼ਾਹ ਜਾਂ ਨਾਥ ਨੇ ਵਿਦਾ ਕੀਤਾ
ਉਤਰ ਟਿੱਲਿਓਂ ਪੱਤਰਾ ਹੋਇਆਈ ॥

॥ ਕਲਾਮ ਸ਼ਾਇਰ ॥

ਰਾਂਝਾ ਨਾਥ ਥੋਂ ਖ਼ੁਸ਼ੀ ਲੈ ਵਿਦਾ ਹੋਇਆ ਛੁਟਾ ਬਾਜ਼ ਜਿਉਂ ਤੇਜ਼ ਤਰਾਰਿਆਂ ਨੂੰ ॥ ਕਿਵੇਂ ਅੱਜ ਹੀ ਉਡ ਕੇ ਜਾਇ ਮਿਲੀਏ ਪਰਦੇਸੀਆਂ ਸੱਜਣਾਂ ਪਿਆਰਿਆਂ ਨੂੰ ॥ ਲੈਕੇ ਜੋਗ ਜਾਂ ਰਾਂਝੇ ਨੇ ਕੂਚ ਕੀਤਾ ਲਗੇ ਝਾੜੇ ਕੂਚ ਨਿਗਾਰਿਆਂ ਨੂੰ ॥ ਪਲਕ ਵਿਚ ਜਾਂ ਕੰਮ ਹੋਇ ਗਿਆ ਉਸਦਾ ਲਗੀ ਗੈਰਤ ਾਂ ਜੋਗੀਆਂ ਸਾਰਿਆਂ ਨੂੰ ॥ ਮੁੜਕੇ ਧੀਦੋ ਨੇ ਇਕ ਜਵਾਬ ਦਿੱਤਾ ਉਨਾਂ ਚੇਲਿਆਂ ਹੋਸਿਆਰਿਆਂ ਨੂੰ ॥ ਭਲੇ ਕਰਮ ਹੋਵਨ ਜੋਗ ਹੱਥ ਆਵੇ ਜੋਗ ਮਿਲੇ ਨਾ ਕਰਮਾਂ ਦੇ ਮਾਰਿਆਂ ਨੂੰ ॥ ਅਸੀ ਜੱਟਅਨਜਾਨਸਾਂ ਆਹਿਫਾਕੇਕਰਮਕੀਤਾਸੂਆਸਾਂਵਿਚਾਰਿਆਂ ਨੂੰ ॥ ਵਾਰਸਸ਼ਾਹ ਅੱਲਾਹ ਜਾਂ ਕੰਮ ਕਰਦਾ ਹੁਕਮ ਹੋਇਆ ਹੈ ਨੇਕ ਸਤਾਰਿਆਂ ਨੂੰ ॥

॥ ਕਲਾਮ ਚੇਲਿਆਂ ॥

ਤੈਂ ਤਾਂ ਜੋਗ ਲੀਤਾ ਨਾਲ ਸਾਹਿਬੀ ਦੇ ਗੋਸ਼ੇ ਨਾਲ ਕਮਾਲ ਦੇ ਲਾਇ ਲੀਤੇ ॥ ਕੋਈ ਪਾਇ ਭੁਲਾਵੜਾ ਠੱਗਿਆਈ ਸਿਰ ਜੋਗੀਆਂ ਦੇ ਜਾਦੂ ਪਾਇ ਲੀਤੋ। ਭਲੇ ਮਿਲਦਿਆਂ ਦਿੱਲ ਤੇ ਆਇ ਚੜ੍ਹਿਓਂ ਜੋਗ ਗੱਲ ਦੇ ਨਾਲ ਤੈਂ ਪਾਇ ਲੀਤੇ। ਵਾਰਸਸ਼ਾਹ ਤੈਂ ਜੋਗ ਦਾ ਲਿਆ ਧਾੜਾ ਹੱਕ ਜੋਗ ਨੂੰ ਅਗੇ ਤੈਂ ਲਾਇ ਲੀਤੇ ॥

॥ ਕਲਾਮ ਰਾਂਝਾ ॥

ਜਦੋਂ ਕਰਮ ਅੱਲਾਹ ਦਾ ਕਰੇ ਮੱਦਦ ਬੇੜਾ ਪਾਰ ਹੋ ਜਾਇ

ਨਿਮਾਣਿਆਂ ਦਾ ॥ ਲੈਣਾ ਕਰਜ਼ ਹੋਵੇ ਸੂਹੇ ਜਾਇ ਬਹੀਏ ਕੇਹਾ ਤਾਣ ਹੈ ਅਸਾਂ ਨਿਤਾਣਿਆਂ ਦਾ॥ ਜਦੋਂ ਕਰਮ ਸਵੱਲੜੇ ਆਨ ਹੋਏ ਖੇਤ ਜੰਮਦਾ ਭੁੰਨਿਆਂ ਦਾਣਿਆਂ ਦਾ॥ ਬੇੜੇ ਡੁਬਦਿਆਂ ਨੂੰ ਰੱਖੇ ਨਾਲ ਕੁਦਰਤ ਅਤੇ ਜੋਰ ਨ ਦਰਦ ਰੰਞਾਣਿਆਂ ਦਾ॥ ਹੁਕਮ ਨਾਲ ਜਹਾਜ਼ ਸਮੁੰਦ੍ਰ ਤਰਦੇ ਉਥੇ ਕੁਝ ਨਾ ਜੋਰ ਮੁਹਾਣਿਆਂ ਦਾ॥ ਇਕ ਜੋਗ ਤੋਂ ਰਹਿਣ ਮਹਰੂਮ ਐਵੇਂ ਏਹੋ ਖੇਲ ਹੈ ਉਸ ਦੇ ਭਾਣਿਆਂ ਦਾ॥ ਖੇੜਾ ਹੀਰ ਪਰਨਾਇ ਘਰ ਜਾਇ ਬੈਠਾ ਹੋਇਆ ਵਾਰਸੀ ਓਹ ਟਿਕਾਣਿਆਂ ਦਾ॥ ਸਾਰੀ ਉਮਰ ਗਈ ਸੇਵਾ ਕਰਦਿਆਂ ਦੀ ਕੋਈ ਜੋਰ ਨ ਚਲੇ ਨਿਤਾਣਿਆਂ ਦਾ ॥ ਜਿਸ ਦੇ ਹੇਠ ਦੇਵੇਂ ਲਬਾਂ ਸ਼ਕਰ ਮਾਰੇ ਗੱਲ੍ਹਾਂ ਵਿਚ ਸੁਆਦ ਮਖਾਣਿਆਂ ਦਾ ॥ ਚਾਕ ਬਣਿਆਂ ਰਾਂਝਾ ਲਖ ਦੁਖ ਝਾਕੇ ਹੀਰ ਕੀਤਾ ਸੂ ਚਾਕ ਪਲਾਣਿਆਂ ਦਾ॥ ਵੱਢੀ ਖਾਇ ਕੇ ਕਾਜ਼ੀ ਨਿਕਾਹ ਪੜ੍ਹਿਆ ਜਦੋਂ ਚੱਲਿਆ ਹੁਕਮ ਮੁਲਵਾਣਿਆਂ ਦਾ ॥ ਇਕ ਸੁੱਤੜੇ ਦੇਇ ਜਗਾਇ ਸਾਹਿਬ ਜ਼ਾਮਨ ਕੌਣ ਹੈ ਉਸ ਦੇ ਭਾਣਿਆਂ ਦਾ ॥ ਵਾਰਸ ਸ਼ਾਹ ਮੀਆਂ ਵਡਾ ਵੈਦ ਮਾਹੀ ਸਰਦਾਰ ਹੈ ਸਭ ਸਿਆਣਿਆਂ ਦਾ ॥

॥ ਕਲਾਮ ਲੋਕਾਂ ॥

ਜੋਗੀ ਹੋਇ ਤਯਾਰ ਜਾਂ ਉਠ ਤੁਰਿਆ ਆਯਾ ਪਿੰਡ ਦਰਮਿ ਫਰੇਤਵਾਨੀ ॥ ਜੇਹੜੇ ਪਿੰਡ ਵਿਚ ਆਵੇ ਤਾਂ ਲੋਕ ਪੁਛਨ ਏਹ ਜੋਗੀੜਾ ਬਾਲਕਾ ਛੈਠਵਾਨੀ ॥ ਕੰਨੀਂ ਮੁੰਦਰਾਂ ਏਸਨੂੰ ਸਾਹਿ

ਚੱਬਨ ਏਹਦੇ ਤੇੜਨਾ ਬਣੇ ਲੰਗੋਟਵਾਨੀ ॥ ਕੋਈ ਜੋਗੀਆਂ ਦੀ ਨਹੀਂ ਡੌਲ ਇਸਦੀ ਹੱਥਪੈਰਵਲੋਂ ਇਤਨਾਮੋਟਵਾਨੀ ॥ ਜਤੀਜਿਸਮਦੇਹਮੀਹਾਂਨਾਥਪੂਰੇਕਦੇਵਾਹਿਆ ਅਸਾਂਨ ਜੋਤਰਾ ਨੀ ॥ ਦੁਖਭੰਜਨ ਨਾਥਹੈ ਗੁਰੂ ਮੇਰਾ ਤੇ ਧਨੰਤਰ ਨਾਥਦਾ ਪੋਤਰਾ ਨੀ ॥ ਹੀਰਾ ਨਾਥ ਹੈ ਵਡਾ ਗੁਰਦੇਵ ਮੇਰਾ ਚਲੋ ਉਸਦਾ ਪੂਜਣੇ ਝੰਪੜਾਨੀ ॥ ਜੇ ਕੋਈ ਅਸਾਂਦੇ ਨਾਲ ਦਮ ਮਾਰਦਾ ਹੈ ਸੋਈ ਜੱਗ ਤੋਂ ਜਾਇਗਾ ਔਤਰਾਨੀ ॥ ਅਸੀਂ ਫ਼ਕਰ ਹਾਂ ਜ਼ਾਹਿਰਾ ਨਾਗ ਕਾਲੇ ਕੂੰਡਾ ਬਗ਼ਲਤੇ ਹੱਥ ਭੰਗ ਘੋਟਣਾ ਨੀ ॥ ਵਾਰਸਸ਼ਾਹ ਜੋ ਲਏਗਾ ਖ਼ੁਸ਼ੀ ਸਾਡੀ ਦੁਧ ਪੁਤ ਤੇ ਜਾਏਗਾ ਸੌਤਰਾਨੀ ॥

॥ ਕਲਾਮ ਸ਼ਾਇਰ ॥

ਧਾਏ ਟਿੱਲਿਓਂ ਰੰਦਲੈਖੇੜਿਆਂਦਾ ਚਲਜਾਮੀਂ ਹਜਨੋਂ ਆਉਂ ਦਾ ਉੱਠਉੱਤੇ॥ਕਾਸ਼ਾਰੱਖਮੱਥੇਰੱਬਯਾਦਕਰਕੇਚੜ੍ਹਿਆ ਖੇੜਿਆਂ ਦੀ ਸੱਜੀ ਗੁੱਠ ਉੱਤੇ॥ਨਸ਼ੇ ਨਾਲਸੀ ਝੂਲਦਾ ਮਸਤ ਜੋਗੀ ਜਿਵੇਂ ਸੁੰਦਰੀਝੂਲਦੀਉੱਠਉੱਤੇ॥ਸਹਿਜ ਨਾਲ ਜਜੋਂ ਕਦਮ ਪਰ ਕਦਮ ਧਰਦਾ ਜਿਵੇਂ ਮਸਤਹਾਥੀ ਫਿਰੇ ਘੁੱਟ ਉੱਤੇ ॥ ਚਿੱਪੀਖੱਪਰੀਫਾਉੜੀਡੰਡਾਤੂੰਬਾ ਭੰਗ ਪੋਸਤ ਬੱਧਾ ਸੂ ਪਿੱਠ ਉੱਤੇ॥ਵੈਰਾਗਸਨਜਾਸਜਨੋਂ ਲੜਨਚਲੇਰਖ ਹੱਥਤਲਵਾਰਦੀ ਮੁੱਠਉੱਤੇ ॥ ਏਵੇਂ ਸਰਕਦਾ ਆਂਵਦਾ ਖੇੜਿਆਂਤੇ ਜਿਵੇਂ ਫ਼ੌਜ ਚੜ੍ਹਦੌੜਦੀਲੁੱਟਉੱਤੇ ॥ ਵਾਰਸਸ਼ਾਹਵੜਿਆ ਜੂਹ ਖੇੜਿਆਂ

ਦੀ ਸਾਈਂ ਹੋਇਆ ਹੈ ਰਾਂਝੇ ਦੀ ਪਿੱਠ ਉੱਤੇ ॥

॥ ਕਲਾਮ ਸ਼ਾਇਰ ॥

ਰਾਂਝੇ ਭੇਸਕਰ ਲਿਆ ਹੈ ਜੋਗੀਆਂਦਾ ਉਠ ਹੀਰਦੇ ਸਾਹੁਰੇ ਧਾਂਵਦਾਈ॥ਭੁਖਾਸ਼ੇਰਜਨੋਂ ਦੌੜਦਾਮਾਸਉਤੇਚੋਰਡਿਠਿਆਂਈ ਉਠਧਾਂਵਦਾਈ ॥ ਚਾਉ ਨਾਲ ਜੋਗੀ ਓਥੇ ਸਰਕ ਤੁਰਿਆ ਜਿਵੇਂ ਮੀਂਹ ਹਨੇਰੀ ਤੇ ਵਾਉਦਾਈ ॥ ਜੂਹ ਰੰਗਪੁਰ ਦੀ ਜਦੋਂ ਜਾਇ ਵੜਿਆ ਵਾਰਸਸ਼ਾਹ ਅਦਾਲ ਬੁਲਾਂਵਦਾਈ ॥

॥ ਰਾਂਝਾ ਰੰਗਪੁਰ ਪਹੁੰਚਾ ॥

ਜਦੋਂ ਰੰਗਪੁਰ ਜੋਗੀ ਨੂੰ ਨਜ਼ਰ ਆਯਾ ਭੇਡਾਂ ਚਾਰੇ ਅਯਾਲੀ ਵਿਚ ਬਾਰਦੇਜੀ॥ ਨੇੜੇ ਆਇਕੇ ਜੋਗੀ ਦੇ ਵਲ ਵੇਖੇ ਜਿਵੇਂ ਨੈਣ ਦੇਖਣ ਨੈਣ ਯਾਰਦੇ ਜੀ॥ ਜੱਟ ਚੋਰ ਦਾ ਚੁਗਲ ਦੀ ਜੀਭ ਵਾਂਗੂੰ ਗੁੱਝੇ ਰਹਿਨ ਨਾ ਦੀਵੜੇ ਯਾਰਦੇਜੀ॥ ਚੋਰਯਾਰ ਤੇ ਠੱਗ ਨਾ ਰਹਿਨ ਗੁੱਝੇ ਛਪੇ ਰਹਿਨ ਨਾ ਆਦਮੀ ਕਾਰਦੇ ਜੀ ॥ ਦੇਸ ਕੇਹੜੇ ਦੇ ਤੁਸੀਂ ਫਕਰ ਸਾਈਂ ਸੁਖਨ ਦੱਸ ਖਾਂ ਖੋਲ੍ਹ ਨਿਤਾਰਕੇਜੀ ॥ ਹਮੀਂ ਲੰਕਬਾਸ਼ੀ ਚੇਲੇ ਅਗਸਤਮੁਨਦੇ ਅਤੇ ਪੀਛੀ ਸਮੁੰਦਰੋਂ ਪਾਰਦੇ ਜੀ ॥ ਬਾਰਾਂ ਬਰਸ ਫਿਰਦੇ ਬਾਰਾਂ ਬਰਸ ਬਹਿੰਦੇ ਮਿਲਨ ਵਾਲਿਆਂਦੀਆਂ ਕੁਲਾਂ ਤਾਰ-ਦੇਜੀ ॥ ਵਾਰਸਸ਼ਾਹ ਮੀਆਂ ਚਾਰੇ ਚੱਕ ਭੌਂਦੇ ਹਮੀਂ ਕੁਦਰਤਾਂ ਕੇ ਦੀਦ ਮਾਰਦੇ ਜੀ ॥

॥ ਕਲਾਮ ਅਯਾਲੀ ॥

ਤੂੰਤਾਂ ਚਾਕਸਿਆਲਾਂਦਾ ਨਾਮ ਧੀਦੋ ਛੱਡ ਖਚਰ ਪੁਨ ਕੂੱਲ
ਪੈਜਾਰਦੇ ਜੀ ॥ ਤੇਰਾ ਮੇਹਣਾ ਹੀਰ ਸਿਆਲ ਤਾਈਂ ਖ਼ਬਰ
ਹੋਵਸੀ ਵਿਚ ਸੰਸਾਰ ਦੇ ਜੀ ॥ ਮੱਝੀਂ ਚੂਰਕੇ ਦੀਆਂ ਜਦੋਂ
ਚਾਰਦਾਸੈਂ ਜੱਟੀਆਣਦਾਸੈਂ ਵਿਚ ਬਾਰਦੇਜੀ ॥ ਨੱਸ ਜਾਹ
ਏਥੋਂ ਮਾਰ ਸੁਟਣੀਗੇ ਖੇੜੇ ਭਰੇਨੀ ਗਰਬ ਹੰਕਾਰਦੇਜੀ ॥
ਦੇਸ਼ ਖੇੜਿਆਂਦੇ ਜਦੋਂ ਖ਼ਬਰਹੋਵੇ ਜਾਨੀ ਤਖ਼ਤ ਹਜ਼ਾਰੇ ਨੂੰ
ਮਾਰਦੇਜੀ ॥ ਭੱਜ ਜਾਹ ਜੱਟਾ ਖੇੜੇ ਲਾਧ ਕਰਨੀ ਪਿਆਦੇ
ਬੰਨ੍ਹ ਲੈਜਾਨਸਰਕਾਰਦੇਜੀ ॥ ਮਾਰ ਚੂਰਕਰ ਸੱਟਣੀਂ ਧੱਡ
ਗੋਡੇਮਲਕਰਗੋਰਅਜ਼ਾਬਕਹਾਰਦੇਜੀ ॥ ਵਾਰਸਸ਼ਾਹਦੀ ਕਮਰ
ਵਿਚ ਪੈਨ ਗੁਰਜ਼ਾਂ ਜਿਵੇਂ ਹੱਡਕੜਕਨ ਗੁਨਹਗਾਰਦੇਜੀ॥

॥ ਕਲਾਮ ਰਾਂਝਾ ॥

ਅੱਯੜਚਾਰਨਾ ਕੰਮ ਪੈਗ਼ੰਬਰਾਂ ਦਾ ਕਿਹਾ ਕੰਮ ਸ਼ੈਤਾਨ ਦਾ
ਟੋਲਿਆਈ॥ਭੇਡਾਂਚਾਰਕੇ ਤੁਹਮਤਾਂਜੋੜਨਾਂਹੇਂ ਕੇਹਾ ਗ਼ਜ਼ਬ
ਫ਼ਕੀਰ ਤੇ ਬੋਲਿਆਈ ॥ ਢਾਂਗਾ ਫੇਰਕੇ ਢੀਂਗਰਾਂਮਾਰਨਾਹੈਂ
ਏਵੇਂ ਝੂਠ ਅਪਰਾਧ ਕਿਉਂ ਤੋਲਿਆਈ ॥ ਅਸੀਂ ਫ਼ਕਰ
ਅੱਲਾਹਦੇ ਨਾਗਕਾਲੇ ਅਸਾਂ ਨਾਲਕੀਘੋਲਨਾਘੋਲਿਆਈ ॥

॥ ਕਲਾਮ ਅਯਾਲੀ ॥

ਤੇਲੀ ਛੱਡਕੇ ਖੋਲੀਆਂਚਾਰੀਆਂਨੀ ਹੋਇ ਜੋਗੀੜਾ ਜਾਜੀਉ
ਡੋਲਿਆਈ ॥ ਕੰਨ ਲਾਇਕੇ ਸੁਣੀਂ ਤੂੰ ਬਾਤ ਚਾਕਾ ਜਿਹਾ

ਲਿੱਖਿਆਤੇਤਿਹਾਬੋਲਿਆਈ॥ਸੱਚਮੰਨਕੇ ਪਿਛਾਂ ਮੁੜ ਜਾਹ ਜੱਟਾ ਕੇਹਾ ਕੂੜਦਾਘੋਲਨਾਘੋਲਿਆਈ ॥ ਵਾਰਸਸ਼ਾਹ ਏਹ ਉਮਰ ਗਵਾਈਏਵੇਂ ਖੰਡਵਿਚ ਪਿਆਜ਼ ਕਨੌਂਘੋਲਿਆਈ ॥ ਸਭੇ ਸੁਣੀਂ ਚਾਕਾਸੁਆਹਲਾਇਮੂੰਹਤੇ ਜੋਗੀ ਹੋਇਕੇ ਨਜ਼ਰ ਛਵਾਇਬੈਠੋਂ॥ਖੇੜਾ ਵਿਆਹਲੈਗਿਆ ਮੂੰਹ ਮਾਰ ਤੇਰੇ ਸਾਰੀ ਉਮਰਦੀ ਲੀਕ ਲਵਾਇ ਬੈਠੋਂ ॥ ਤੇਰੇ ਵੇਖਦਿਆਂ ਵਿਆਹ ਲੈਗਏ ਖੇੜੇ ਦਾੜ੍ਹੀ ਪਰ੍ਹੇਦੇਵਿੱਚਮੁਨਾਇਬੈਠੋਂ।।ਹੀਰ ਸਯਾਲ ਦਾ ਯਾਰ ਮਸ਼ਹੂਰ ਰਾਂਝਾ ਮੌਜਾਂ ਮਾਣਕੇ ਕੰਨਪੜਾਇਬੈਠੋਂ ॥ ਮੱਖੀ ਵੇਖਕੇਜੀਉਕਿਉਂ ਨਿਗਲੀਆਈ ਤੂੰ ਤਾਂ ਖੇੜਿਆਂ ਤੋਂ ਨੱਕ ਵਢਾਇਬੈਠੋਂ ॥ ਮੰਗਛਡੀਏਨਹੀਂ ਜੇਜਾਨਜਾਏ ਤੂੰ ਤਾਂ ਜੀਉਂਦਾ ਹੀਰਨੂੰਹਾਰਬੈਠੋਂ ॥ ਸਿਰ ਵੱਢਕੇ ਤੇ ਕਰਨ ਚਾਰ ਟੁਕੜੇ ਜਦੋਂ ਖੇੜਿਆਂਦੇ ਵਿਚ ਜਾਇਬੈਠੋਂ ॥ ਹੁਨ ਵਾਰਕੀ ਪੁਛਣਾ ਮੂਰਖਾਓਇ ਜਦਰਫ਼ੇਤੇ ਮੂੰਡਮੁੰਡਾਇਬੈਠੋਂ ॥ ਇਕ ਅਮਲ ਨਾ ਕੀਤੋਈ ਰਾਵਲਾ ਓਇ ਏਵੇਂ ਕੀਮੀਆਂ ਉਮਰ ਗਵਾਇ ਬੈਠੋਂ ॥ ਵਾਰਸਸ਼ਾਹ ਕੀ ਢੂੰਡੀਏ ਜ਼ਹਿਰ ਮੌਹਰਾ ਹੱਥੀਂ ਆਪਣੀ ਜ਼ਹਿਰ ਤੂੰ ਖਾਇ ਬੈਠੋਂ ॥

॥ ਕਲਾਮ ਰਾਂਝਾ

ਸੱਤ ਜਨਮਕੇਹਮੀਹਾਂਨਾਬਪੂਰੇ ਨਹੀਂ ਨਾਲ ਜਹਾਨਦੇਮੀਰ ਮੀਆਂ ॥ ਅਸਾਂ ਸੇਲੀਆਂ ਖਪਰੀਆਂ ਨਾਲ ਵਰਤਨ ਭੀਖਾਂ ਮੰਗਕੇ ਹੋਣਾਫਹੀਰਮੀਆਂ ॥ ਪਰ੍ਹਾਂਜਾਹਿ ਜੱਟਾ ਸਾਨੂੰ ਛਾਫ

ਆਖੇਂ ਅਸੀਂ ਫਕਰ ਹਾਂ ਜ਼ਾਹਰੇ ਪੀਰ ਮੀਆਂ ॥ ਨਾਉਂ ਮੇਹਰੀਆਂ ਦੇ ਸਾਨੂੰ ਡਰਨ ਆਵੇ ਰਾਂਝਾ ਕੌਣ ਤੇ ਕੇਹੜੀ ਹੀਰ ਮੀਆਂ॥ ਜਤੀ ਸਤੀ ਹਮ ਜੋਗ ਦੇ ਨਾਥ ਪੂਰੇ ਸੱਤ ਪੀੜ੍ਹੀਏ ਜਨਮ ਫ਼ਕੀਰ ਮੀਆਂ ॥ ਜੱਟਾ ਚਾਕ ਬਣਾਉਨਾ ਜੋਗੀਆਂ ਨੂੰ ਏਹੁ ਜੀਉ ਚਾਹੇ ਸੁਟਾਂ ਚੀਰ ਮੀਆਂ ॥ ਥਰਥਰ ਕੰਬਦਾ ਗੁੱਸੇ ਦੇ ਨਾਲ ਜੋਗੀ ਅੱਖੀਂ ਕ੍ਰੋਧ ਪਲੱਟਿਆ ਨੀਰ ਮੀਆਂ ॥ ਹੱਥ ਜੋੜ ਅਯਾਲ ਨੇ ਪੈਰ ਪਕੜੇ ਜੋਗੀ ਬਖ਼ਸ਼ ਲੈ ਮੈਂਡੀ ਤਕਸੀਰ ਮੀਆਂ ॥ ਤੁਸੀਂ ਪਾਰ ਸਮੁੰਦਰੋਂ ਰਹਿਣ ਵਾਲੇ ਭੁਲ ਗਿਆ ਚੇਲਾ ਬਖ਼ਸ਼ੀਂ ਪੀਰ ਮੀਆਂ ॥ ਵਾਰਸ ਸ਼ਾਹ ਦੀ ਅਰਜ਼ ਇਹ ਸੁਣੋ ਜੋਗੀ ਸੁਣਕੇ ਹੋਵਣਾ ਨਹੀਂ ਦਿਲਗੀਰ ਮੀਆਂ ॥

॥ ਕਲਾਮ ਅਯਾਲੀ ॥

ਛੱਤਾ ਬੇਲਿਆਂ ਵਿਚ ਲੈ ਜਾਇ ਜੱਟੀ ਪੀਂਘਾਂ ਪੀਂਘਦੀ ਨਾਲ ਪਿਆਰਿਆਂ ਦੇ ॥ ਕੇਹਾ ਪ੍ਰੇਮ ਪਿਆਲੜਾ ਛੱਕਿਓਈ ਨੈਣ ਮਸਤ ਸਨ ਵਿਚ ਖੁਮਾਰੀਆਂ ਦੇ ॥ ਵਾਇ ਵੰਝਲੀ ਤਾਂ ਫਿਰੇ ਮਗਰ ਲੱਗੀ ਹਾਣ ਪਿੰਨਕੇ ਨਾਲ ਕੁਆਰੀਆਂ ਦੇ॥ ਜਦੋਂ ਵਿਆਹ ਹੋਇਆ ਤਦੋਂ ਵਿਹਾਰ ਬੈਠੀ ਡੋਲੀ ਚਾੜ੍ਹੀਆ ਨਾਲ ਖੁਆਰੀਆਂ ਦੇ॥ ਧਾਰਾਂ ਖਾਂਗੜਾਂ ਦੀਆਂ ਛੇਕਾਂ ਹਾਣੀਆਂ ਦੀਆਂ ਮਜ਼ੇ ਖੂਬੀਆਂ ਦੇ ਘੋਲ ਕੁਆਰੀਆਂ ਦੇ ॥ ਮੌਜਾਂ ਨੌਕਰਾਂ ਦੀਆਂ ਲਾਡ ਨੱਢੀਆਂ ਦੇ ਇ ਕਕੁਆਰੀਆਂ ਦੇ ਮਜ਼ੇ ਧਾੜੀਆਂ ਦੇ ॥ ਜੱਟੀ ਵਿਆਹ ਦਿੱਤੀ ਰਹਿਓਂ ਨਿੱਧਰਾ ਤੂੰ ਮੂੰਹ ਸੱਖਣੇ ਚੋਰ ਪਟਾਰੀਆਂ ਦੇ ॥

ਖੇਡਨ ਵਾਲੀਆਂ ਸੋਹਰੇ ਬੈਨੂ ਖੜੀਆਂ ਹੁਲਨ ਪੱਢੀਆਂ ਵਿੱਚ ਬੁਖ਼ਾਰੀਆਂ ਦੇ॥ ਵੈਦ ਭੈਨੀਆਂ ਡਾਇਣਾਂ ਨਾਗ ਕਾਲੇ ਚਾਰੇ ਚਲਦੇ ਨਹੀਂ ਵਿਚਾਰੀਆਂ ਦੇ ॥ ਵਿਕਨ ਛੋਹਰਾਂ ਤੇ ਮੰਤ ਪਸਾਰੀਆਂ ਦੇ ਦਾਉ ਕਦੇ ਲੱਗਨ ਸਚਿਆਰੀਆਂ ਦੇ॥ਮਉਲੀ ਮਹਿੰਦੀਆਂ ਦੀ ਜਦੋਂ ਲੋੜ ਪੈਂਦੀ ਲੁੱਟ ਲਏਨੀ ਹੱਟ ਪਸਾਰੀਆਂ ਦੇ॥ ਬੁੱਢਾ ਹੋਇਕੇ ਚੋਰ ਮਸੀਤ ਵੜਦਾ ਰਲ ਫਿਰਦਾ ਹੈ ਨਾਲ ਮਦਾਰੀਆਂ ਦੇ ॥ ਪਰਾਂ ਜਾਹਿ ਜੱਟਾ ਮਾਰ ਸੁਟਣੀਗੇ ਨਹੀਂ ਛੁੱਟਦੇ ਯਾਰ ਕੁਆਰੀਆਂ ਦੇ॥ ਕੁੜੀ ਰੈਨ ਬੁੱਢੀ ਹੋਇ ਬਣੇ ਹਾਜਨਾਂ ਫਿਰੇ ਮੋਰਛੜ ਗਿਰਦ ਪਟਾਰੀਆਂ ਦੇ॥ ਬਣੇ ਖਰੀ ਔਖੀ ਕਰੇਂ ਭੇਸ ਦੂਜਾ ਲਈਂ ਯਾਰ ਦੇ ਰੂਪ ਨਜ਼ਾਰੀਆਂ ਦੇ॥ ਮਾਸ਼ੂਕ ਸਾਰੇ ਜੁਦਾ ਹੋਣ ਕੀਕੂੰ ਆਸ਼ਕ ਹੈਨ ਡੋਫਨ ਫੁਲਕਾਰੀਆਂ ਦੇ॥ ਕਰੇ ਕਰਮ ਵਕੂਫ ਸੋ ਫ਼ਕਰ ਵਾਰਸ ਤੈਥੋਂ ਵੱਲ ਹੈਂ ਮਾਰ ਨਿਤਾਰੀਆਂ ਦੇ॥

॥ ਕਲਾਮ ਰਾਂਝਾ ॥

ਤੁਸੀ ਅਕਲ ਦਾ ਕੋਟ ਅਯਾਲ ਬਿਦੇ ਵੱਡਾ ਤੁਸਾਂ ਤੇ ਅਕਲ ਸ਼ਊਰ ਹੈ ਜੀ॥ ਬਾਜ਼ ਭੋਰ ਬਗਲਾ ਅਤੇ ਲੌਂਗ ਕਾਲੂ ਸ਼ਾਹੀਂ ਸ਼ੀਹਣੀ ਨਾਲ ਕਸਤੂਰ ਹੈ ਜੀ॥ ਪੰਜੇ ਬਾਜ਼ ਜੇਹੇ ਲਕ ਵਾਂਗ ਚੀਤੇ ਪੌਂਚਾ ਵਜਿਆ ਮਿਰਗ ਸਭ ਦੂਰ ਹੈ ਜੀ॥ ਵਾਰਸ ਸ਼ਾਹ ਹੁਣ ਬਣੀ ਹੈ ਬਹੁਤ ਮੁਸ਼ਕਲ ਅਗੋਂ ਸੁਝਦਾ ਕਹਿਰ ਕਲੂਰ ਹੈ ਜੀ॥ ਚੱਕ ਸੀਂਹ ਵਾਂਗੂ ਗੱਜ ਮੀਂਹ ਵਾਂਗੂ ਜਿੱਥੇ ਦੈਂਤ

ਮਾਰਨ ਹੱਡ ਚੂਰ ਹੈ ਜੀ ॥ ਕਿਸੇ ਪਾਸ ਨਾ ਖੋਲ੍ਹਣਾ ਭੇਤ ਮੇਰਾ
ਜੋ ਕੁਛ ਕਹੇ ਸੋ ਸਭ ਮਨਜ਼ੂਰ ਹੈ ਜੀ॥ ਪਰਦੇਸ ਵਿੱਚ ਕੰਮ ਆ
ਪਿਆ ਮੇਰਾ ਲਈਏ ਹੀਰ ਇਕੇ ਸਿਰ ਦੂਰ ਹੈ ਜੀ॥ ਵਾਰੇਸ਼ਾਹ
ਮੀਆਂ ਸੋਈ ਯਾਰ ਆਹਾ ਵਕਤ ਕੰਮ ਦੇਨੈਣਾਂ ਦਾ ਨੂਰ ਹੈ ਜੀ ॥

॥ ਕਲਾਮ ਰਾਂਝਾ ॥

ਭੇਤ ਦਸਣਾ ਕਿਸੇ ਦਾ ਕੰਮ ਨਾਹੀਂ ਮਰਦ ਸੋਈ ਜੋ ਦੇਖ ਦਮ
ਘੁੱਟ ਜਾਏ ॥ ਗੱਲ ਜੀਉ ਦੇ ਵਿੱਚ ਹੀ ਰਹੇ ਲੁਕੀ ਕਾਉਂ ਵਾਂਗ
ਪਖਾਲ ਨਾ ਸੁੱਟ ਜਾਏ॥ ਭੇਤ ਦੱਸਣਾ ਮਰਦ ਦਾ ਕੰਮ ਨਾਹਾਂ
ਭਾਵੇਂ ਪੁਛ ਕੇ ਲੋਕ ਨਿਖੁੱਟ ਜਾਏ॥ ਵਾਰਸਸ਼ਾਹ ਨਾ ਭੇਤ ਸੰਦੂਕ
ਖੁਲੇ ਭਾਵੇਂ ਜਾਨ ਦਾ ਜੰਦਰਾ ਟੁੱਟ ਜਾਏ ॥

॥ ਕਲਾਮ ਅਯਾਲੀ ॥

ਮਾਰ ਆਸ਼ਕਾਂ ਦੀ ਲੱਜ ਲਾਹੀ ਆਈ ਯਾਰੀ ਲਾਇ ਕੇ ਪਿੱਠ ਨ ਲੈ
ਜਾਵਣੀ ਸੀ॥ ਅੰਤ ਹੀਰ ਨੂੰ ਵਜਾਹ ਲੈ ਗਏ ਖੇੜੇ ਯਾਰੀ ਉਸ ਦੇ
ਨਾਲ ਕਿਉਂ ਲਾਵਣੀ ਸੀ ॥ ਖੇੜੇ ਲੈ ਗਏ ਵਜਾਹ ਕੇ ਜੀਂ ਵਲੇ
ਥੋਂ ਮਰ ਜਾਣਾ ਸੀ ਲੀਕ ਨਾ ਲਾਵਣੀ ਸੀ॥ ਚਿੜੀ ਬਾਜ ਦੇ ਮੂੰਹੋਂ
ਛੁਡਾਵਣੀ ਸੀ ਅਵੇ ਮੂਰਖਾ ਧੁੱਮ ਨਾ ਪਾਉਣੀ ਸੀ॥ ਕਾਹੇ ਜੋਗੀ
ਦਾ ਭੇਸ ਬਨਾਇਆ ਈ ਏਹ ਮੂਰਤ ਗਧੇ ਚੜ੍ਹਾਵਣੀ ਸੀ॥ ਵਾਰੇ-
ਸ਼ਾਹ ਦੀ ਮੰਗ ਲੈ ਗਏ ਖੇੜੇ ਦਾੜ੍ਹੀ ਪਰ੍ਹੇ ਦੇ ਵਿਚ ਮੁਨਾਵਣੀ ਸੀ॥

॥ ਕਲਾਮ ਰਾਂਝਾ ॥

ਅੱਖੀਂ ਵੇਖ ਕੇ ਮਰਦ ਹੀ ਚੁੱਪ ਕਰਦੇ ਭਾਵੇਂ ਚੋਰ ਹੀ ਚੁਗਲ਼

ਲੁਟ ਜਾਏ ॥ ਵੇਲਾ ਨਹੀਂ ਜੋ ਭੇਤ ਵਿੱਚ ਖੇੜਿਆਂ ਦੇ ਗੱਲ ਖੁਆਰ ਹੋਈ ਖਿੰਡ ਫੁਟ ਜਾਏ ॥ ਦੂਰ ਖੇੜਿਆਂ ਦੇ ਝੂਹੇਚਾਕ ਆਇਆ ਮਤਚਾਕ ਨਿਸ਼ਾਂਨਿਓਂ ਛੁੱਟ ਜਾਏ॥ਚਾਬੀ ਜ਼ੋਰ ਕੂਲ ਜੋਰ ਬੀਂ ਨਹੀਂ ਛੁਟਦੇ ਏਹਾ ਕੌਣ ਜੋ ਏਸਬੀਂ ਛੁਟਜਾਏ॥

॥ ਕਲਾਮ ਸ਼ਾਇਰ ॥

ਅਯਾਲੀ ਹੱਸਕੇ ਮੋਢਿਓਂ ਲਾਹਿਵਾਂਗਾ ਬਾਹੋਂ ਪਕੜਰਾਂਝੇ ਟੇਨੂੰ ਬੈਠ ਗਿਆ ॥ ਗੱਲਾਂ ਪੁਛਦਾ ਨਾਲ ਪਿਆਰ ਕਰਕੇਮਗਰੋਂ ਭੇਡਾਂ ਨੂੰ ਆਨ ਬਘਿਆੜ ਪਿਆ ॥ ਅਯਾਲੀ ਰਾਂਝੇ ਨੂੰ ਚਾ ਲਲਕਾਰਿਆਈ ਰਾਂਝਾ ਪਕੜ ਕੇ ਡਾਂਗ ਤਾਂ ਮਗਰਪਿਆ॥ ਵਾਰਸ ਹੋਰ ਅਯਾਲੀ ਸੰਭਾਲੀਆਂ ਨੀ ਸਤ ਲੇਲੇ ਤੇ ਭੇਡ ਇਕ ਪਾੜ ਗਿਆ ॥

॥ ਕਲਾਮ ਅਯਾਲੀ ॥

ਅਸਾਂ ਰਾਂਝਿਆ ਹੱਸਕੇ ਗੱਲ ਕੀਤੀ ਜਾਹ ਲਾਇਲੈ ਦਾਉ ਜੇ ਲੱਗਦਾਈ॥ਲਾਟ ਰਹੇ ਨਾ ਜ਼ਿਮੀਂ ਦੇ ਵਿਚ ਲੁਕੀ ਏਹ ਤਾਂ ਇਸ਼ਕ ਅਲੰਬੜਾ ਜੱਗਦਾਈ॥ਜਾਹਦੇਖਮਸ਼ੂਕ ਦੇ ਨੈਣਖ਼ੂਨੀ ਤੈਨੂੰ ਨਿਤ ਉਲਾਂਭੜਾ ਜੱਗਦਾਈ ॥ ਸਮਾਂਯਾਰਦਾਤੇਘੱਲਾ ਬਾਜ਼ਵਾਲਾਝੱਟਦੌਰਦਾਤੇਦਾਉਨੇ ਗਦਾਈ॥ਲੈਕੇਨੱਵਜ਼ੀਨੂੰ ਖਿਸਕ ਜਾਹਚਾਕਾਸੈਦਾਸਾਕਨਸਾਫ਼ਕ ਲੱਗਦਾਈ॥ਵਾਰਸ ਕੌਨ ਪਾਵੇ ਮਹੀਂਚਾਰਮੁੜਿਓਂ ਅਜੇਤੀਕਉਲਾਂਭੜਾਜੱਗਦਾਈ ॥

॥ ਕਲਾਮ ਰਾਂਝਾ ॥

ਮਰਦ ਬਝ ਮਿਹਰੋਂ ਪਾਣੀ ਬਾਝ ਧਰਤੀ ਆਸ਼ਕ ਡਿੱਠ ਫ਼ੇ ਬਾਝ ਨਾ ਰੱਜਦੇ ਨੀ ॥ ਛੀੜਾਂ ਪੈਂਦੀਆਂ ਤੇ ਮਰਦ ਵਿਡਲੈਂਦੇ ਪੜਦੇ ਆਸ਼ਕਾਂ ਦੇ ਮਰਦ ਕੱਜਦੇ ਨੀ ॥ ਲੱਖ ਸਿਰੀਂ ਅਵੱਲ ਸਵੱਲ ਹੋਵੇ ਯਾਰ ਯਾਰ ਤੋਂ ਮੂਲ ਨਾ ਭੱਜਦੇ ਨੀ ॥ ਵਾਰਸ ਛੋਰ ਤੇ ਯਾਰ ਦੀ ਇਕ ਸਾਇਤ ਮੀਂਹ ਵੱਸਦੇ ਨਹੀਂ ਜੋ ਗੱਜਦੇ ਨੀ ॥

॥ ਕਲਾਮ ਰਾਂਝਾ ॥

ਰਾਂਝੇ ਅੱਗੇ ਅਯਾਲ ਨੇ ਕਸਮ ਖਾਧੀ ਨਗਰ ਖੇੜਿਆਂ ਦੇ ਜਾਏ ਧੱਸਿਆਈ ॥ ਯਾਰੋ ਕੌਨ ਸਰਦਾਰ ਤੇ ਗਾਉਂ ਕੇਹੜਾ ਏਥੇ ਲੋਕ ਕਦੋਂ ਕਨਾ ਵੱਸਿਆਈ ॥ ਅਗੇ ਪਿੰਡ ਦੇ ਖੂਹ ਤੇ ਭਰਨ ਪਾਣੀ ਕੁੜੀਆਂ ਘੱਤਿਆ ਹੱਸ ਖੜ੍ਹੱਸਿਆਈ ॥ ਯਾਰ ਹੀਰ ਦਾ ਤਾਂ ਭਾਵੇਂ ਏਹ ਜੋਗੀ ਕਿਸੇ ਲਭਿਆ ਤੇ ਨਹੀਂ ਦੱਸਿਆਈ ॥ ਪਾਣੀ ਪੀ ਠੰਡਾ ਛਾਵੇਂ ਘੋਟ ਬੂਟੀ ਸੁਣ ਪਿੰਡ ਦਾ ਨਾਉਂ ਖਿੜ ਹੱਸਿਆਈ ॥ ਏਹ ਦਾ ਨਾਉਂ ਹੈ ਰੰਗਪੁਰ ਖੇੜਿਆਂ ਦਾ ਕਿਸੇ ਭਾਗ ਭਰੀ ਦਾ ਦੱਸਿਆਈ ॥ ਅਨੀ ਸੁਣੋ ਸਰਦਾਰ ਹੈ ਭਾਤ ਖਾਨੀ ਸਖੀ ਸੂਰਮੇ ਦਾ ਨਾਉਂ ਦੱਸਿਆਈ ॥ ਅੱਜੂ ਨਾਉਂ ਸਰਦਾਰ ਤੇ ਪੁਤ ਸੈਦਾ ਜਿਸ ਹਕ ਰੰਝੇਟੇ ਦਾ ਖੱਸਿਆਈ ॥ ਬਾਗੋ ਬਾਗ ਰੰਝੇਟੜਾ ਹੋ ਇਗਿਆ ਜਦੋਂ ਨਾਉਂ ਜਟੇਟੀਆਂ ਦੱਸਿਆਈ ॥ ਸਿੰਙੀ ਖੱਪਰੀ ਪਕੜ ਤਿਆਰ ਹੋਯਾ ਲੱਕ ਬਾਇ ਫ਼ਕੀਰ ਨੇ ਕੱਸਿਆਈ ॥ ਕਦੀ ਲਏ ਹੁਲਾਰੇ ਤੇ ਝੂਲਦਾਈ ਕਦੇ ਰੋਇ ਪੈਂਦਾ ਕਦੇ

ਹੱਸਿਆਈ ॥ ਵਾਰਸਸ਼ਾਹ ਕਿਰਸਾਣ ਜਿਉਂ ਹੋਣ ਰਾਜ਼ੀ ਮੀਂਹ ਔੜ ਦੇ ਦਿਨਾਂ ਤੇ ਵੱਸਿਆਈ॥ ਆਓ ਜੋਗੀਆਕਹਾ ਏਹ ਦੇਸ ਡਿੱਠੋ ਪੁੱਛਨ ਗੱਭਰੂ ਬੈਠ ਵਿਚਵਾੜਿਆਂਦੇ॥ ਉੱਥੇ ਝੂਲ ਮਸਤਾਨੀਆਂ ਕਰੇ ਗੱਲਾਂ ਬਿਰਖਾਸੁਣੇਂ ਕੰਨਪਾਟਿਆਂ ਪਿਆਰਿਆਂ ਦੇ॥ ਕਰਾਂ ਕੌਣ ਤਾਰੀਫ ਮੈਂ ਖੇੜਿਆਂਦੀ ਡਾਰਾਂ ਫਿਰਨ ਚੌਤਰਫ ਕੁਆਰੀਆਂਦੇ ॥ ਮਾਰਨ ਆਸ਼ਕਾਂਨੂੰ ਕਰਨ ਚਾਰ ਟੁਕੜੇਨੈਣਤ੍ਰਿੱਖੜੇ ਵਾਂਗ ਕਟਾਰੀਆਂਦੇ॥ਦੇਨ ਆਸ਼ਕਾਂ ਨੂੰ ਤੋੜ ਨਾਲ ਨੈਣਾਂ ਨੈਣ ਰਹਿਣਨਾਹੀਂ ਬੁਰਿਆਰੀਆਂਦੇ॥ ਏਹਨਾਂ ਜੋਬਨਾਂਦੀਆਂ ਵਣਜਾਰੀਆਂਨੂੰ ਮਿਲੇਆਨਸੌਦਾਗਰ ਯਾਰੀਆਂ ਦੇ॥ ਸੁਰਮਾਂ ਫੁੱਲ ਦੰਦਾਸੜਾ ਸੁਰਖ ਮਹਿੰਦੀਲੁੱਟ ਲਏ ਨੇ ਹੱਟ ਪਸਾਰੀਆਂਦੇ ॥ ਮੱਥੇ ਬਿੰਦਲੀ ਚਮਕਦੇਖੂਬ ਤਾਰੇ ਜ਼ੁਲਫਾਂ ਕਾਲੀਆਂ ਨਾਗ ਖ਼ਿਸਹਾਰੀਆਂ ਦੇ ॥ ਬੂੰਦੇ ਆਰਸੀ ਨਾਲ ਅੰਗੂਠਿਆਂ ਦੇ ਅਤਰਦਾਨ ਲਟਕਣ ਹੂਲੇ ਹਾਰੀਆਂ ਦੇ ॥ ਨੈਣਾਂ ਨਾਲ ਕਲੇਜੜਾ ਖਿੱਚ ਕੱਢਣ ਦਿੱਸਣ ਛੈਲੜੇ ਮਖ ਵਿਚਾਰੀਆਂਦੇ ॥ ਜੋਗੀ ਵੇਖਕੇ ਆਣ ਚੌਗਿਰਦ ਹੋਈਆਂ ਛੁਟੇ ਨਾਗ ਜਿਉਂ ਵਿੱਚ ਪਟਾਰੀਆਂਦੇ॥ ਓਥੇ ਖੋਲ੍ਹਕੇ ਅੱਖੀਆਂਹੱਸਪਉਂਦਾ ਰਾਤੀ ਖ਼ਾਬਵਿੱਚ ਘੋਲਕੁਆਰੀਆਂਦੇ॥ ਆਣਗਿਰਦ ਹੋਈਆਂ ਬੈਠ ਵਿੱਚਝੂਲੇਬਾਦਸ਼ਾਹਜਿਉਂਵਿਚ ਅਮਾਰੀਆਂਦੇ ॥ ਵਾਰਸਸ਼ਾਹਨਚੱਲੜੇਰਹਿਣਨਾਹੀਂ ਜਿਨ੍ਹਾਂ ਨਰਾਂ ਨੂੰ ਸ਼ੌਕ ਹਨ ਨਾਰੀਆਂ ਦੇ ॥

॥ ਕਲਾਮ ਜੋਗੀ ॥

ਕੁੜੀਆਂ ਵੇਖਕੇ ਜੋਗੀ ਦੇ ਗਿਰਦ ਹੋਈਆਂ ਕੋਈ ਦੇਖੋ ਨੀ ਜੋਗੀੜਾ ਆਇ ਵੜਿਆ ॥ ਮਾਈ ਮੂੰਡੀਏ ਘਰੀਂ ਤੁਸੀ ਜਾਇ ਆਖੋ ਜੋਗੀ ਮਸਤ ਕਲਾਮ ਜਗਾਇ ਵੜਿਆ ॥ ਕੰਨੀ ਮੁੰਦਰਾਂ ਸੇਲ੍ਹੀਆਂ ਸੁੰਦਰਾਂ ਨੀ ਦੇਖੋ ਜਟਾਂ ਸਿਰ ਪਏ ਮੁਨਾਇ ਵੜਿਆ ॥ ਜਹਾਂ ਨਾਉਂ ਮੇਰਾ ਕੋਈ ਜਾਇ ਦਿਲੇ ਵੇਮਹਾਂ ਦੇਵਲੈ ਦੌਲਤਾਂ ਆਇ ਵੜਿਆ ॥ ਕਿਸੇ ਕੁਦਰਤਾਂ ਦੇ ਨਾਲ ਜੰਗਲਾਂ ਤੋਂ ਕਿਤੇ ਭੁਲ ਭੁਲਾਵੜੇ ਆਇ ਵੜਿਆ ॥ ਵਾਰਸ ਕੰਮ ਸੋਈ ਜੋਹੜੇ ਰੱਬ ਕਰਸੀ ਮੈਂ ਤੇ ਉਸਦਾ ਭੇਜਿਆ ਆਇ ਵੜਿਆ ॥

॥ ਕਲਾਮ ਕੁੜੀਆਂ ॥

ਕੁੜੀਆਂ ਵੇਖਕੇ ਜੋਗੀ ਦੀ ਤਰਾਂ ਸਾਰੀ ਘਰੀਂ ਹੱਸਦੀਆਂ ਹੱਸਦੀਆਂ ਆਈਆਂ ਨੀ ॥ ਅੜੀਓ ਇੱਕ ਜੋਗੀ ਸਾਡੇ ਨਗਰ ਆਇਆ ਹੁਣੇ ਉਸ ਨੇ ਮੁੰਦਰਾਂ ਪਾਈਆਂ ਨੀ ॥ ਨਹੀਂ ਬੋਲਦਾ ਬੁਰਾ ਜ਼ੁਬਾਨ ਵਿੱਚੋਂ ਭਾਵੇਂ ਛੇਤੀ ਨਾ ਭਿੱਛਿਆ ਪਾਈਆਂ ਨੀ ॥ ਹੱਥੀਂ ਸੰਗਲੀ ਭਾਉੜੀ ਮੋਢਿਆਂ ਤੇ ਗਲੇ ਸੇਲ੍ਹੀਆਂ ਅਜਬ ਬਣਾਈਆਂ ਨੀ ॥ ਅਰ ਗਾਉਂਦਾ ਵਾਂਗ ਜਲਾਲੀਆਂ ਦੇ ਜਟਾਂ ਵਾਂਗ ਮਦਾਰੀਆਂ ਛਾਈਆਂ ਨੀ ॥ ਨਾਂ ਓਹ ਮੁੰਡਿਆ ਗੋਦੜੀ ਨਾ ਜੰਗਮ ਨ ਉਦਾਸੀਆਂ ਵਿੱਚ ਠਹਿਰਾਈਆਂ ਨੀ ॥ ਪ੍ਰੇਮ ਮੱਤੀਆਂ ਅੱਖੀਆਂ ਰੰਗ ਭਰੀਆਂ ਸਦਾ ਗੂਹੜੀਆਂ ਲਾਲ ਸੁਆਈਆਂ ਨੀ ॥ ਖੂਨੀ ਬਾਂਕੀਆਂ ਨਸ਼ੇ ਦੇ ਨਾਲ ਭਰੀਆਂ ਸਦਾ ਜੋਗ ਦੇ ਰੰਗ

ਰੰਗਾਈਆਂ ਨੀ॥ ਕਦੀ ਸਿੰਗਲੀ ਸੁਟਕੇ ਸ਼ਗਨ ਵਾਚੇ ਕਦੀ ਸੁਆਹ ਤੇ ਔਸੀਆਂ ਪਾਈਆਂ ਨੀ ॥ਕਦੀ ਕਿੰਗ ਵਜਾਇਕੇ ਖੜਾ ਗਾਵੇ ਕਦੀ ਸਿੰਖ ਤੇ ਨਾਦਘੁਕਾਈਆਂਨੀ॥ ਅੱਠੇ ਪਹਰ ਅਲਾਹਨੂੰ ਯਾਦ ਕਰਦਾ ਖ਼ੈਰ ਓਸਨੂੰ ਪਾਉਂਦੀਆਂ ਮਾਈਆਂ ਨੀ ॥ ਨਜ਼ਰ ਬੁਰੀ ਨਾ ਕਿਸੇ ਦੇ ਵੱਲ ਦੇਖੇ ਅਸਾਂ ਬਹੁਤਵਾਰੀ ਅਜ਼ਮਾਈਆਂਨੀ ॥ ਨਸ਼ੇ ਬਾਝ ਭਵਾਂ ਉਸਦੀਆਂ ਮਤੀਆਂ ਨੀ ਮਿਰਗਾਨੀਆਂ ਗਲੇ ਬਨਾਈਆਂਨੀ ॥ ਜਟਾਂ ਸੋਂਹਦੀਆਂ ਫੈਲ ਉਸ ਜੋਗੀੜੇਨੂੰ ਜਿਵੇਂ ਚੰਦਦੁਆਲੇ ਘਟਾਂ ਛਾਈਆਂਨੀ ॥ ਨਾ ਕਿਸੇ ਮਾਰਦਾਨਾ ਕਿਸੇਨਾਲਲੜਦਾਨੈਣਾਂਓਸਦਿਆਂਛਹਿਬ-ਰਾਂ ਲਾਈਆਂਨੀ॥ਵਾਰਸਸ਼ਾਹ ਚੇਲਾ ਬਾਲ ਨਾਥ ਦਾਈ ਛੇਕਾਂ ਪ੍ਰੇਮਦੀਆਂ ਕਿਸੇ ਸਖਾਈਆਂ ਨੀ ॥

॥ ਸਹਿਤੀ ਕਹਿੰਦੀ ਹੈ ਹੀਰਨੂੰ ॥

ਘਰ ਆਇ ਨਿਣਾਨ ਨੇ ਗੱਲ ਕੀਤੀ ਹੀਰੇ ਇੱਕ ਜੋਗੀਨਵਾਂ ਆਇਆਏ॥ਕੰਨੀਓਸਦੇਦਰਸਨੀ ਮੁੰਦਰਾਂਨੀ ਗਲੇ ਹੈਂ ਕਲਾ ਅਜਬ ਸੁਹਾਇਆਏ ॥ ਫਿਰੇ ਢੂੰਡਦਾ ਵਿਚ ਹਵੇਲੀਆਂ ਦੇ ਕੋਈਓਸਨੇ ਲਾਲ ਗਵਾਇਆਏ ॥ ਨਾਲੇ ਗਾਂਵਦਾ ਤੇ ਨਾਲੇ ਰੋਂਵਦਾਏ ਵਡਾ ਓਸਨੇ ਰੰਗ ਮਚਾਇਆਏ ॥ ਹੀਰੇ ਕਿਸੇ ਰਜਵੰਸ ਦਾ ਓਹ ਪੁੱਤਰ ਰੂਪ ਤੁਧਥੋਂ ਦੂਣ ਸਵਾਇਆਏ ॥ ਵਿੱਚਤ੍ਰਿੰਞਣਾ ਗਾਉਂਦਾ ਫਿਰੇਭਉਂਦਾ ਅੰਤ ਓਸਦਾਕਿਸੇਨਾ ਪਾਇਆਏ ॥ ਫਿਰੇ ਵੇਖਦਾ ਵਹੁਟੀਆਂ ਛੈਲ ਕੜੀਆਂ ਮਨ

ਕਿਸੇ ਤੇ ਨਹੀਂ ਭਰਮਾਇਆਏ ॥ ਕਾਈ ਆਖਦੀ ਕਿਸੇ ਦੇ ਇਸ਼ਕ ਪਿੱਛੇ ਬੂੰਦੇ ਲਾਹਿਕੇ ਕੰਨ ਪੜਾਇਆਏ ॥ ਕਾਈ ਆਖਦੀਪ੍ਰੇਮਦੀਚਾਟਲੱਗੀਤਾਹੀਂਇਸਨੇਘਰਬਾਰਮੁਨਾਇਆਏ ॥ ਕਾਈ ਆਖਦੀ ਚੰਦ ਦੇ ਚੋਰ ਪਿੱਛੇ ਤਾਹੀਂ ਓਸਨੇ ਭੇਸ ਵਟਾਇਆਏ ॥ਕਹਿਨਤਖ਼ਤਹਜ਼ਾਰੇਦਾਏਹਮੁੰਡਾ ਬਾਲਨਾਥ ਤੋਂ ਜੋਗ ਲੈ ਆਇਆਏ ॥ ਵਾਰਸਸ਼ਾਹ ਫ਼ਕੀਰ ਤਾਂ ਨਹੀਂ ਖ਼ਾਲੀ ਕਿਸੇ ਕਾਰਨੇ ਦੇ ਉੱਤੇ ਆਇਆਏ ॥

॥ ਜਵਾਬ ਹੀਰ ॥

ਮੁੱਠੀਮੁੱਠੀ ਏਹਗਲ ਨਾਂਕਰੋਭੈਣਾਂ ਮੇਰੀ ਸੁਣਦਿਆਂਹੀਜਿੰਦ ਗਈ ਜੇ ਨੀ॥ਤੁਸਾਂਸਹਿਜਦੇਨਾਲਜੋਗੱਲਕੀਤੀ ਖਲੀ ਤਲੀ ਹੀ ਮੈਂ ਢਹਿ ਪਈਜੇ ਨੀ ॥ ਗਏਟੁਟ ਪਰਾਣਤੇ ਅਕਲਹੁੱਥੀ ਮੇਰੇ ਧੂਖ ਕਲੇਜੜੇ ਪਈ ਜੇ ਨੀ ॥ ਕੀਕੂੰ ਕੰਨ ਪੜਾਇਕੇ ਜੀਂਵਦਾ ਹੈ ਗੱਲ ਸੁਣਦਿਆਂ ਹੀ ਜਿੰਦਗਈਜੇ ਨੀ॥ਉਸਦੇ ਦੁਖਾਂ ਤੇ ਰੋਵਨੇ ਜਦੋਂ ਸੁਣਾਂ ਮੁਠਾਂ ਮੀਟਕੇ ਮੈਂ ਬਹਿਗਈ ਜੇ ਨੀ॥ਮਸ਼ਭਿੰਨੇਦਾ ਨਾਉਂ ਨਾ ਲਦੇ ਅੜੀਓਮੈਂਤਾਂ ਸੁਣਦਿਆਂ ਹੀ ਲੜਗਈ ਜੇ ਨੀ ॥ ਕਿਵੇਂ ਵੇਖੀਏ ਓਸ ਮਤਵਾਲੜੇ ਨੂੰ ਜੈਂਦੀ ਤ੍ਰਿੰਞਣਾ ਵਿੱਚਧੁੰਮ ਪਈਜੇ ਨੀ॥ ਵੇਖਾਂ ਕੇਹੜੇ ਦੇਸ ਦਾ ਓਹ ਜੋਗੀ ਉਸਦੀ ਕੌਣ ਪਜਾਰੀ ਰੁਸ ਗਈ ਜੇ ਨੀ ॥ ਅੱਕ ਪੋਸਤ ਧਤੂਰਾ ਤੇ ਭੰਗ ਪੀਕੇ ਮੌਤਉਸਨੇ ਮੁਲ ਕਿਉਂ ਲਈਜੇ ਨੀ ॥ ਜੈਂਦਾ ਮਾਊਂ ਨਾ ਬਾਪ ਨਾ ਭੈਣ ਭਾਈ ਕੌਣ ਕਰੇਗਾ

ਉਸਦੀ ਸਹੀ ਜੇਨੀ ॥ ਭਾਵੇਂ ਭੁੱਖੜਾ ਪਿੰਡ ਵਿਚ ਰਹੇ ਵੱਠਾ ਕਿਸੇ ਖ਼ਬਰ ਨਾ ਉਸਦੀ ਲਈ ਜੇਨੀ ॥ ਹਾਇ ਹਾਇ ਮੁੱਠੀ ਉਸਦੀ ਗੱਲ ਸੁਣਕੇ ਮੈਂ ਤਾਂ ਨਿੱਘੜੇ ਬੇਰ ਹੋਗਈ ਜੇਨੀ॥ ਨਹੀਂ ਰੱਬਦੇ ਰਾਜ਼ ਬਖ਼ੀਂ ਲੋਕ ਡਰਦੇ ਮੱਥੇ ਲੇਖ ਦੀ ਰੇਖ ਵਹਿਗਈ ਜੇਨੀ ॥ ਜੈਂਦੇ ਸੋਹਣੇ ਯਾਰ ਦੇ ਕੰਨ ਪਾਟੇ ਓਹ ਨੱਢੜੀ ਰੋੜ ਹੋਗਈ ਜੇਨੀ॥ ਜੈਂਦੇ ਚੰਦ ਪੁਤਰ ਮੱਥੇ ਸ੍ਵਾਹ ਲਾਈ ਕੀਤਾ ਰੱਬ ਦਾ ਓਹ ਸਹਿਗਈ ਜੇਨੀ ॥ ਵਾਰਸਸ਼ਾਹ ਫਿਰਾਕ ਦਾ ਕੁੱਠਾ ਜੋਗੀ ਖਲਕਤ ਉਸਦੇ ਮਗਰ ਕਿਉਂ ਪਈ ਜੇ ਨੀ ॥

॥ ਕਲਾਮ ਹੀਰ ॥

ਰੱਬ ਝੂਠ ਨਾ ਕਰੇ ਜੇ ਹੋਵੇ ਰਾਂਝਾ ਤਾਂ ਮੈਂ ਚੋੜ ਹੋਈ ਮੈਨੂੰ ਪੱਟਿਆਸੂ ॥ ਅੱਗੇ ਅੱਗ ਫਿਰਾਕ ਨੇ ਸਾੜ ਸੱਟੀ ਜਲੀ ਬਲੀ ਨੂੰ ਆਣਕੇ ਛੱਟਿਆਸੂ ॥ ਨਾਲੇ ਰੰਨ ਖੁੱਥੀ ਨਾਲੇ ਕੰਨ ਪਾਟੇ ਦੱਸ ਇਸ਼ਕ ਥੀਂ ਨਫਾ ਕੀ ਖੱਟਿਆਸੂ॥ ਮੇਰੇ ਵਾਸਤੇ ਦੁਖੜੇ ਫਿਰੇ ਭੌਂਦਾ ਲੋਹਾ ਤਾਇਕੇ ਜੀਭ ਨਾਲ ਚਟਿਆਸੂ॥ ਜੋਗੀ ਹੋਇਆ ਪਿੰਡੇ ਨੂੰ ਖ਼ਾਕ ਮਲਕੇ ਲਾਹਿ ਨੰਗ ਨਾਮੂਸ ਨੂੰ ਸੱਟਿਆ ਸੂ ॥ ਬੁੱਕਲ ਵਿਚ ਚੋਰੀ ਚੋਰੀ ਹੀਰ ਰੋਵੇ ਘੜਾ ਨੀਰ ਦਾ ਚਾਇ ਪਲੱਟਿਆ ਸੂ॥ ਜ਼ਾਹਿਰ ਨਾ ਰੋਵੇ ਦਿਲੋਂ ਆਹ ਮਾਰੇ ਚਾਂਗੇ ਹੋਇ ਜੋਗੀ ਮੈਨੂੰ ਪੱਟਿਆਸੂ ॥ ਵਾਰਸਸ਼ਾਹ ਇਸ ਇਸ਼ਕ ਦੇ ਵਣਜ ਵਿਚੋਂ ਜਫਾ ਜਾਲ ਕੀ ਵੱਟਿਆ ਖੱਟਿਆਸੂ ॥

॥ ਕਲਾਮ ਹੀਰ ॥

ਗੱਲੀਂ ਲਾਇਕੇ ਕਿਵੇਂ ਲੈ ਆਉ ਉਸਨੂੰ ਰਲਪੁਛੀਏ ਕੇਹੜੀ ਥਾਉਂਦਾਏ। ਕੌਣ ਗੁਰੂ ਤੇ ਕਿਸਨੇ ਕੰਨ ਪਾੜੇ ਚੇਲਾਕਿਸਦਾ ਓਹ ਸਦਾਉਂਦਾਏ॥ ਖੇਹ ਲਾਇਕੇ ਦੇਸ ਵਿਚ ਫਿਰੇ ਭੌਂਦਾ ਅਤੇ ਭਿਖਿਆ ਮੰਗ ਕੇ ਖਾਉਂਦਾਏ॥ ਵੇਖਾਂ ਕੇਹੜੇ ਦੇਸਦਾ ਚੌਧਰੀਹੈ ਅਤੇ ਜ਼ਾਤਦਾ ਕੌਣ ਸਦਾਉਂਦਾਏ॥ ਵੇਖਾਂ ਰੋਹੀਓਂ ਮਾਝਿਓਂ ਪੱਟੀਓਂ ਈਰਾਵੀਬਿਆਸਕੇ ਜਿਹਲਮਝਨਾਉਂਦਾਏ ॥ਫਿਰੇਂ ਤ੍ਰਿਵਣਾਂਵਿਚ ਖ਼ੁਆਰਹੁੰਦਾ ਵਿਚਵੇਹੜੇ ਆਂਝਾਤੀਆਂ ਪਾਉਂਦਾਏ ॥ ਕਿਸਤਰਫੋਂ ਆਇਆ ਕਿੱਥੇ ਜਾਵਣਾਸੂ ਅਤੇ ਨਾਉਂ ਕੀ ਬਾਪ ਤੇ ਮਾਉਂਦਾਏ ॥ ਵਾਰਸਸ਼ਾਹ ਇਹਮਰਤਬਾ ਕਾਸਦਾ ਹੈ ਕੋਈ ਏਹਦਾ ਭੇਤ ਨਾ ਆਉਂਦਾਏ ॥

॥ ਕਲਾਮ ਸ਼ਾਇਰ ॥

ਲੈਣ ਜੋਗੀ ਨੂੰ ਆਈਆਂ ਧੂੰਮਲਾ ਹੋ ਚਲੋਂ ਗੱਲ ਬਣਾਇਕੇ ਸਾਰੀਆਂਨੀ ॥ ਪਾਣੀ ਭਰਦੀਆਂ ਪੰਜ ਕੁਆਰੀਆਂਨੀ ਵੇਖ ਜੋਗੀਨੂੰ ਖਿਲੀਆਂ ਮਾਰੀਆਂਨੀ॥ ਮੌਜਾਂ ਜਿਨ੍ਹਾਂ ਨੇ ਮਾਣੀਆਂ ਕੁਆਰੀਆਂ ਦਾਆਂ ਏਹਤਿਨ੍ਹਾਂ ਦੇ ਹਾਲ ਹਨ ਲਾੜੀਏਨੀ ॥ ਏਹ ਜਾਣਦਾ ਕਿਸੇ ਨ ਚਾਕ ਲੱਧਾ ਆਉ ਸਦਕੇ ਏਸਨੂੰ ਝਾੜੀਏ ਨੀ ॥ ਜਿਨ੍ਹਾਂ ਕਿਸੇ ਦੇ ਨਾਲ ਨ ਦੋਸ ਕੋਈ ਕੰਨ ਉਸਦੇ ਕਾਸਨੂੰ ਪਾੜੀਏਨੀ॥ ਹੀਰ ਖੇੜਿਆਂ ਨਾਲ ਪਿਆਰ ਝਾੜਾ ਏਹੋ ਆਖਕੇ ਗੱਲ ਚਾ ਸਾੜੀਏ ਨੀ ॥ ਪਹਿਲਾਂ ਨਾਲ

ਪਿਆਰ ਦੇ ਜੋਗੀੜੇ ਨੂੰ ਕੋਲ ਸਦ ਬਹਾਲ ਖਫ਼ਾਰੀਏ ਨੀ ॥ ਮੁੱਠੀਆਂ ਭਰੇ ਤੇ ਮਚਲੀਆਂ ਹੋਇ ਪੁੱਛੋ ਏਹਨੂੰ ਪਲੰਘ ਉੱਤੇ ਚਾਇ ਚਾੜ੍ਹੀਏ ਨੀ ॥ ਸਭੇ ਬੋਲੀਆਂ ਜਾ ਨਮਸਕਾਰ ਜੋਗੀ ਕਿਉਂ ਨੀ ਸਾਈਂ ਸੁਆਰੀਓ ਪਜਾਰੀਓ ਨੀ ॥ ਵਡੀ ਮੇਹਰ ਹੋਈ ਏਸ ਦੇਸ ਉਤੇ ਵੇਹੜੇ ਹੀਰਦੇ ਨੂੰ ਚਲੋ ਤਾਰੀਏ ਨੀ ॥ ਸੰਗ ਤੰਗ ਅਤੀਤ ਸੈਂ ਅੱਜ ਖਾਨਾਬਾਤ ਆਸ਼ਿਕ ਦੀਆਂ ਚਾਇ ਬਿਸਾਰੀਏ ਨੀ ॥ ਮੇਲੇ ਕੁੰਭ ਦੇ ਅਸੀਂ ਫਕੀਰ ਚਲੇ ਨਗਰ ਜਾਇਕੇ ਭੀਖ ਫਿਤਾਰੀਏ ਨੀ ॥ ਵਾਰਸਸ਼ਾਹ ਤੁਸੀਂ ਘਰੋਂ ਖਾਇ ਆਈਓ ਨਾਲ ਚਾਵੜਾਂ ਲਓ ਗੁਟਕਾਰੀਏ ਨੀ ॥

॥ ਕਲਾਮ ਕੁੜੀਆਂ ॥

ਹਿੱਕਾਂ ਖੋਲ੍ਹਕੇ ਝੁੱਕਲਾਂ ਮਾਰੀਆਂ ਨੇ ਜ਼ਰਾ ਧੂੜ ਅਤੀਤ ਤੇ ਪਾਈਆ ਨੇ ॥ ਗੈਵੀਂ ਕਲਾ ਦੀਆਂ ਹਿਕਤੇ ਚੂਕੀਆਂ ਨੇ ਹਿੱਕਾਂ ਜੋਗੀ ਦੇ ਨਾਲ ਛੁਹਾਈਆਂ ਨੇ ॥ ਖਚਰ ਹਾਰਿਆ ਜੋਗੀਆ ਕੰਨ ਪਾੜੇ ਹਾਇ ਹਾਇ ਮੁੱਠੀਆਂ ਲੀਕਲਾਈਆ ਨੇ ॥ ਏਸ ਚੰਦ ਸੈਂ ਚੌਧਵੀਂ ਰਾਤ ਦੇ ਨੂੰ ਲਾਇ ਅੰਗ ਭਭੂਤ ਸਵਾਰੀਆ ਨੇ ॥ ਲਾਹ ਕੰਗਨਾ ਪੌਂਚੀਆਂ ਦੇਇ ਤੂੰਬਾ ਏਹਨੂੰ ਭਿੱਛਿਆ ਮੰਗਣੇ ਚਾਹੜਿਆ ਨੇ ॥ ਏਸ ਸੋਹਣੇ ਛੈਲ ਸ਼ਾਹਜ਼ਾਦੜੇ ਨੂੰ ਕੇਹਾ ਦੁਖ ਤੇ ਬਿਪਤਾ ਪਾਈਆ ਨੇ ॥ ਸੋਹਣੇ ਲੰਕ ਮਹਿਬੂਬ ਚਨਵੰਤ ਵਾਂਗੂ ਗੱਲੀਂ ਲਾਇਕੇ ਅੱਗ ਚਾ ਸਾੜਿਆ ਨੇ ॥ ਵਾਰਸਸ਼ਾਹ ਅਜਾਣ ਇਸ ਜੋਗੀੜੇ ਨੂੰ ਏਵੇਂ ਫਾਹਕੇ ਜੋਗ ਵਿਚ ਮਾਰਿਆ ਨੇ ॥

ਰਸਮ ਜੱਗ ਦੀ ਕਰੋ ਅਤੀਤ ਸਾਈਆਂ ਸਾਡੀਆਂ ਸੂਰਤਾਂ ਵੱਲ
ਧਿਆਨ ਕੀਜੇ ॥ ਵੇਹੜਾ ਮਹਿਰਾਂ ਦਾ ਚਲੋ ਦਿਖਾਲ ਜਾਈਏ
ਸਹਿਤੀ ਸੋਹਨੀ ਤੇ ਨਜ਼ਰ ਆਨ ਕੀਜੇ॥ ਅੱਜ ਖੇੜੇ ਦੇ ਵੇਹੜੇ ਤੇ
ਮਿਹਰ ਕਰੀਏ ਅਤੇ ਹੀਰ ਦੀ ਵੱਲ ਧਿਆਨ ਕੀਜੇ॥ ਚਲੋ ਵੇਖੀਏ
ਘਰਾਂ ਸਰਦਾਰ ਦਿਆਂ ਨੂੰ ਵਾਰਿਸ਼ਾਹ ਨਾ ਨਜ਼ਰ ਗੁਮਾਨ ਕੀਜੇ॥

॥ ਜਵਾਬ ਜੋਗੀ ॥

ਹਮੀਂ ਬਡੇ ਫ਼ਕੀਰ ਮਸਤ ਪੀਰ੍ਹੀ ਏਹਾਂ ਰਸਮ ਜਗਤ ਦੀ ਅਸੀਂ
ਨਾ ਜਾਣਦੇ ਹਾਂ॥ ਕੰਦ ਮੂਲ ਉਜਾੜ ਮੇਂ ਖਾਇ ਕੇ ਤੇ ਬਣਾਂ
ਵਿਚ ਬਹਿਕੇ ਮੌਜਾਂ ਮਾਣਦੇ ਹਾਂ ॥ ਬਘਿਆੜ ਅਰ ਸ਼ੇਰ ਤੇ
ਮਿਰਗ ਚੀਤੇ ਅਸੀ ਤਿਨਾਂ ਦੀਆਂ ਸੂਰਤਾਂ ਜਾਣਦੇ ਹਾਂ ॥ ਭੂਮੀਂ
ਸੂਰਤਾਂ ਬੈਠੀਆਂ ਖ਼ੂਬਸੂਰਤ ਅਸੀ ਬੂਟੀਆਂ ਸੂਟੀਆਂ ਜਾਣਦੇ
ਹਾਂ ॥ ਅਸੀ ਵਿਚ ਉਜਾੜ ਦੇ ਖੁਸ਼ੀ ਰਹਿੰਦੇ ਨਹੀਂ ਵਾਕਫ਼ ਬਾਂ
ਮਕਾਨਦੇ ਹਾਂ ॥ ਨਗਰ ਬੀਚ ਨ ਆਤਮਾ ਪਰਚਦਾ ਈ ਆਸ
ਰੱਬ ਦੀ ਦਾ ਤੰਬੂ ਤਾਣਨੇ ਹਾਂ॥ ਗੁਰੂ ਤੀਰਥ ਜੋਗ ਵੈਰਾਗ ਹੋਏ
ਹਮੀਂ ਤਿਨਾਂ ਦੇ ਰੂਪ ਪਛਾਨਨੇ ਹਾਂ॥ ਵਾਰਸ ਸ਼ਾਹ ਨਾ ਚਾਹ ਕੁਝ
ਰੱਖਦੇ ਹਾਂ ਇਕ ਫ਼ਕਤ ਖੁਦਾਇ ਨੂੰ ਜਾਣਨੇ ਹਾਂ ॥

॥ ਜਵਾਬ ਕੁੜੀਆਂ ॥

ਪਿੱਛੋਂ ਹੋਰ ਆਈਆਂ ਮੁਟਿਆਰ ਕੁੜੀਆਂ ਵੇਖ ਜੋਗੀ ਨੂੰ ਮੂਰਛਾ
ਗਤ ਹੋਈਆਂ ॥ ਆਉ ਵੇਖਕੇ ਪੁੱਛੀਏ ਬੈਨਜ਼ੇ ਨੂੰ ਮੁਖ ਵੇਖਕੇ
ਜੋ ਉਨਮਤ ਹੋਈਆਂ ॥ ਅਖੀਂ ਅੱਡੀਆਂ ਰਹੀਆਂ ਨੇ ਮੁੱਖ ਵੇਖਕੇ

ਫੀਂਗਾਂ ਚੱਲਣੋਂ ਖਰੀਆਂ ਨਿਸਤ ਹੋਈਆਂ। ਧੂਪੇ ਆਨ ਖਲੋਤੀਆਂ ਬਹਿੰਦੀਆਂ ਨੀ ਕਈ ਛੁਪੀਆਂ ਤੇ ਰੱਤੇ ਰਤ ਹੋਈਆਂ। ਵਾਰਸਸ਼ਾਹ ਨੇ ਮੁੱਠੀਆਂ ਸਭ ਕੁੜੀਆਂ ਏਥੋ ਚਲਣੇ ਤੋਂ ਵੇਖ ਵੱਖ ਹੋਈਆਂ। ਕੁੜੀਓ ਵੇਖੋ ਤੇ ਮਸਤ ਅਲਮਸਤ ਜੋਗੀ ਜੈਂ ਦਾ ਰਬ ਦੇ ਵਲ ਧਿਆਨ ਹੈਨੀ ॥ ਇਨ੍ਹਾਂ ਭੌਰਾਂ ਨੂੰ ਆਸਰਾ ਰਬ ਦਾ ਹੈ ਘਰ ਬਾਰ ਦਾ ਭਾਣ ਨਾ ਮਾਣ ਹੈਨੀ ॥ ਸੋਨੇ ਵੰਨੜੀ ਦੇਹੀ ਨੂੰ ਖੇਹ ਕਰਕੇ ਰੁਲਣਾ ਫਕਰ ਨੂੰ ਖੇਹ ਮੰ ਬਾਨ ਹੈਨੀ ॥ ਸੋਹਣਾ ਫੁੱਲ ਗੁਲਾਬ ਮਾਸ਼ੂਕ ਨੱਢਾ ਰਾਜਪੂਤ ਤੇ ਸੁਘੜ ਸੁਜਾਨ ਹੈਨੀ ॥ ਜਿਨ੍ਹਾਂ ਭੰਗ ਪੀਤੀ ਮੂੰਹ ਸੁਆਹ ਲਾਈ ਉਨਾਂ ਮਾਣੂਆਂ ਨੂੰ ਕੇਹੀ ਕਾਣ ਹੈਨੀ ॥ ਘਰਬਾਰ ਵਿਸਾਰ ਸਭ ਛੱਡ ਦਿੱਤਾ ਚੰਗਾ ਪਹਿਨਣਾ ਤੇ ਚੰਗਾ ਖਾਣ ਹੈਨੀ ॥ ਜਿਵੇਂ ਅਸੀ ਮੁਟਿਆਰਾਂ ਹਾਂ ਰੰਗ ਭਰੀਆਂ ਤਿਵੇਂ ਏਹ ਭੀ ਸਾਡੜੇ ਹਾਣ ਹੈਨੀ ॥ ਆਉ ਪੁਛੀਏ ਕੇਹੜੇ ਦੇਸ ਦਾ ਹੈ ਵਤਨ ਏਸ ਦਾ ਕੌਣ ਮਕਾਨ ਹੈਨੀ ॥ ਵਾਰਸਸ਼ਾਹ ਸਾਨੂੰ ਨਜ਼ਰ ਆ ਇ ਗਿਆ ਇਹ ਤਾਂ ਹੀਰ ਦੀ ਸਭ ਅਮਾਨ ਹੈਨੀ॥

॥ ਕਲਾਮ ਕੁੜੀਆਂ ॥

ਸੁਣ ਜੋਗੀਆ ਗਭਰੂ ਛੈਲ ਬਾਂਕਿਆ ਨੈਣਾਂ ਖੀਵਿਆ ਮਸਤ ਦੀਵਾਨਿਆਂ ਵੇ। ਕਿਨੀ ਮੁੰਦਰਾਂ ਖੱਪਰੀ ਨਾਦ ਸਿੰਗੀ ਗਲ ਸੇਲ੍ਹੀਆਂ ਤੇ ਹਥੀ ਗਾਨੀਆਂ ਵੇ ॥ ਵਿੱਚੋਂ ਹੋਣ ਹੱਸਣ ਨੈਣ ਭੇਤ ਦੱਸਣ ਅਖੀਂ ਮੀਟਦਾ ਨਾਲ ਬਹਾਨਿਆਂ ਵੇ ॥ ਕਿਸ ਮੁੰਨਿਓਂ ਕੰਨ ਕਿਸ ਪਾੜਿਓ ਨੀ ਤੇਰਾ ਵਤਨ ਹੈ ਕੌਣ ਦੀਵਾਨਿਆਂ ਵੇ ॥ ਏਸ

ਉਮਰਕੀਵਾਇਦਾਪਿਆਤੈਨੂੰਕਿਉਂ ਤੂੰ ਦਾਹਿੰਦੇਸਖ਼ਗਾਨਿਆਂ ਵੇ ॥ ਕੌਣ ਜਾਤ ਤੇ ਕਾਸਨੂੰ ਜੋਗਲੀਤਾ ਸਚੋਸਚ ਤੂੰ ਆਖ ਮਰਦਾਨਿਆਂ ਵੇ ॥ ਕਿਸੇਰੰਨਭਾਬੀ ਬੋਲੀ ਮਾਰੀਆਈ ਹਿਕ ਸਾੜੀਆਸੁ ਨਾਲ ਭਾਨਿਆਂ ਵੇ ॥ ਕਿਸ ਛੈਲ ਛਲੇਦੀਦੇ ਰੰਗ ਰੱਤੇਂ ਜੋਗੀਹੋਇਓਂਛੱਡਕੇ ਖਾਨਿਆਂ ਵੇ ॥ ਭੱਯਾ ਦਸਸ਼ਿਤਾਬ ਹੈ ਜਿੰਦ ਜਾਂਦੀ ਅਸੀਂ ਧੁੱਪਦੇ ਨਾਲ ਮਰਜਾਨੀਆਂ ਵੇ ॥ਪਵੇ ਤ੍ਰਿੰਞਣਾਂਵਿਚਵਿਚਾਰਤੇਰੀਤੇਰਾਜ਼ਿਕਰ ਹੋਵੇ ਚੱਕੀ ਹਾਨਿਆਂ ਵੇ ॥ ਕਰਨ ਮਿੰਨਤਾਂਮੁਠੀਆਂਭਰਨ ਲਗੀਆਂਅਸੀ ਪੁਛਕੇ ਹੀ ਟੁਰ ਜਾਨੀਆਂ ਵੇ ॥ ਵੇਖਔਰਤਾਂ ਦੇਬਦਕਾਰਭਾਵੇ ਸਹਿ ਨਾ ਸਕਿਉਂ ਹੋ ਮਸਤਾਨਿਆਂ ਵੇ ॥ ਵਾਰਸਸ਼ਾਹ ਗੁਮਾਨ ਨਾ ਕਰੀਂ ਮੀਆਂ ਅਵੇ ਹੀਰ ਦਿਆ ਮਾਲ ਖ਼ਜ਼ਾਨਿਆਂ ਵੇ ॥

॥ ਜਵਾਬ ਜੋਗੀ ॥

ਜੋਗੀਆਖਿਆ ਮਗਰ ਨਾ ਪਵੋ ਮੇਰੇ ਸ਼ੀਹਾਂਸੱਪਾਂਫਕੀਰਾਂਦਾ ਦੇਸਕੇਹਾ ॥ ਦੁਨੀਆਂ ਦਾਰ ਦਰਵੇਸ਼ ਜੋ ਜਾਤ ਦੱਸਣ ਸ਼ੇਖ਼ ਆਪਣਾਦੇਸਤੇ ਭੇਸਕੇਹਾ ॥ ਵਤਨ ਦੰਮ ਦੇ ਨਾਲ ਤੇ ਜ਼ਾਤ ਜੋਗੀਸਾਨੂੰਸਾਕ ਕਬੀਲੜਾ ਖ਼ੇਸ਼ ਕੇਹਾ ॥ ਜੇਹੜਾ ਜ਼ਾਤ ਤੇ ਵਤਨਵਲਧਿਆਨਰਖੇਦੁਨੀਆਂਦਾਰਹੈਓਹਦਰਵੇਸ਼ ਕੇਹਾ ॥ ਦੁਨੀਆਂਨਾਲਹੈ ਸਾਡੜਾ ਗੰਢ ਕੇਹਾ ਪੱਥਰ ਜੋੜਨਾ ਨਾਲ ਸੁਰੇਸ਼ਕੇਹਾ ॥ ਸਭੇ ਖ਼ਾਕਦਰਖ਼ਾਕਫ਼ਨਾਹਹੋਸਨ ਵਾਰਸਸ਼ਾਹ ਫਿਰ ਤਿਨ੍ਹਾਂ ਨੂੰ ਸ਼ੌਕ ਕੇਹਾ ॥

॥ ਕਲਾਮ ਜੋਗੀ ॥

ਸਾਨੂੰ ਖਰਾ ਅਕਾਇ ਨ ਭਾਤ ਖਾਨੀ ਖੰਡਾ ਫ਼ੋਧਦਾ ਹਮੀਂ ਨ ਸੂਤਨੇ ਹਾਂ ॥ ਜੇ ਤਾਂ ਆਪਣੀਆਨ ਤੇ ਆਇਜਾਈਏ ਖੂਲ੍ਹੀ ਖੇਡ ਸਿਰੇ ਅਸੀਂ ਭੂਤਨੇ ਹਾਂ॥ਘਰਾਂ ਮਹਿਰਾਂ ਦੇ ਕਾਸਨੂੰ ਅਸਾਂ ਜਾਣਾ ਸਿਰਮਹਿਰੀਆਂ ਦੇ ਅਸੀਂ ਮੂਤਨੇ ਹਾਂ॥ ਵਾਰਸਸ਼ਾਹ ਮੀਆਂ ਹੇਠਬਾਲਭਾਂਬੜਉਲਟੇ ਹੋਇਕੇ ਰਾਤਨੂੰ ਝੂਟਨੇ ਹਾਂ॥

॥ ਕਲਾਮ ਕੁੜੀਆਂ ॥

ਅਸਾਂ ਅਰਜ਼ ਕੀਤੀਤੈਨੂੰਗੁਰੂਕਰਕੇ ਬਾਲਨਾਥ ਦੀਆਂ ਤੁਸੀਂ ਨਸ਼ਾਨੀਆਂ ਹੋ॥ ਸਾਡੀ ਆਜਜ਼ੀ ਤੁਸੀਂ ਨ ਮੰਨਦੇ ਹੋ ਗੁਸੇ ਨਾਲ ਪਸਾਰਦੇ ਆਨੀਆਂ ਹੋ॥ ਅਸਾਂ ਆਖਿਆ ਮਹਿਰਾਂ ਦੇ ਚਲੋ ਵੇਹੜੇ ਤੁਸੀ ਨਹੀਂ ਕਰਦੇ ਮੇਹਰਬਾਨੀਆਂ ਹੋ॥ਅਸੀਂ ਅੂਜ਼ਕਰੀਏਪੈਰਪਕੜਜੋਗੀਤੇਰੇਰੂਪਉਤੋਂਕੁਰਬਾਨੀਆਂਹੋ॥

॥ ਕਲਾਮ ਜੋਗੀ ॥

ਤੁਸੀਂ ਸੋਂਹਦੀਆਂ ਤਿਵਣੀਂ ਸ਼ਾਹ ਪਰੀਆਂ ਜਿਵੇਂ ਤਰਕਸ਼ਾਂ ਦੇ ਵਿਚਕਾਨੀਆਂ ਹੋ॥ਤੁਸੀਂ ਕਰੋਂਐਗੁਸ਼ਤ ਫ਼ਰਿਸ਼ਤਿਆਂ ਨੂੰ ਤੁਸੀਂ ਅਸਲ ਸ਼ੈਤਾਨ ਦੀਆਂਨਾਨੀਆਂਹੋ॥ ਤੁਸੀਂ ਸ਼ੇਖ ਸਾਦੀਨਾਲ ਮਕਰ ਕੀਤੇ ਤੁਸੀਂ ਅਕਲ ਸ਼ਹੂਰ ਦੀਵਾਨੀਆਂ ਹੋ॥ ਅਸੀਂ ਕਿਸੇ ਪਰਦੇਸ ਦੇਫ਼ਕਰਆਏ ਤੁਸੀਂ ਨਾਲਸ਼ਰੀਕਾਂਦੇਸਾਨੀਆਂ ਹੋ॥ ਕੀਨੂੰ ਛਡਿਆਹੈਤੁਸਾਂਜ਼ਾਲਮਾਂਨੇ ਕਸ਼ਮੀਰਦੀਆ ਤੁਸੀ ਖੁਰਮਾਨੀਆਂ ਹੋ॥ ਜਾਹੋ ਰੱਬਦੇ ਵਾਸਤੇ ਖਿਆਲ ਛੱਡੋ ਸਾਡੇ

ਹਾਲਤਾਂ ਤੁਸੀਂ ਬੇਗਾਨੀਆਂ ਹੋ॥ਵਾਰਸਸ਼ਾਹ ਫਕੀਰ ਦੀਵਾਨੜਾ ਹੈ ਤੁਸੀਂ ਦਾਨੀਆਂ ਤੇ ਪਰਧਾਨੀਆਂ ਹੋ ॥

॥ ਕਲਾਮ ਜੋਗੀ ॥

ਹਮੀਂ ਭਿਖਿਆ ਵਾਸਤੇ ਤਿਆਰ ਹੋਏ ਤੁਸੀਂ ਆਨਕੇ ਰਿੱਕਤਾਂ ਛੇੜਦੀਆਂ ਹੋ ॥ ਅਸਾਂ ਲਾਹਿ ਪੰਜਾਲੀਆਂ ਜੋਗ ਛੱਡੀ ਤੁਸੀ ਫੇਰ ਮੁੜ ਖੂਹ ਨੂੰ ਗੇੜਦੀਆਂ ਹੋ ॥ ਅਸੀਂ ਸਭ ਝੇੜੇ ਗਲੋਂ ਲਾਹ ਬੈਠੇ ਤੁਸੀਂ ਫੇਰ ਆਲੂਦ ਵਿਚ ਬੋੜਦੀਆਂ ਹੋ ॥ ਪਿੱਛੋਂ ਕਹੋਗੇ ਭੂਤਨੇ ਆਣ ਲੱਗੇ ਅੰਨ੍ਹੇ ਖੂਹ ਵਿਚ ਸਿੰਗ ਕਨੇਂ ਬੋੜਦੀਆਂ ਹੋ॥ ਅਸੀਂ ਭਿਖਿਆ ਮੰਗਣੇ ਚਲੇ ਹਾਂ ਜੀ ਤੁਸੀਂ ਆਣਕੇ ਕਾਹੇ ਖਹੇੜਦੀਆਂ ਹੋ॥ ਵਾਰਸਸ਼ਾਹ ਰੰਝੇਟੜਾ ਚੰਦ ਚੜ੍ਹਿਆ ਘਰੋ ਘਰੀ ਮੁਬਾਰਕਾਂ ਭੇੜਦੀਆਂ ਹੋ ॥

॥ ਕਲਾਮ ਸ਼ਾਇਰ ॥

ਰਾਂਝਾ ਖੱਪਰੀ ਪਕੜਕੇ ਗਦਾ ਚੜ੍ਹਿਆ ਸਿੰਗੀ ਦ੍ਵਾਰੇ ਈ ਦ੍ਵਾਰ ਵਜਾਂਵਦਾ ਏ ॥ ਕਾਈ ਦੇਇ ਸੀਧਾ ਕਾਈ ਪਾਇ ਟੁਕਰ ਕਾਈ ਥਾਲ ਪਰੋਸ ਲਿਆਉਂਦੀਏ ॥ ਕਾਈ ਦੇ ਗਾਲੀਂ ਧਾੜੇ ਮਾਰ ਫਿਰਦਾ ਕਾਈ ਰੋਹਦੀਆਂ ਭਵਾਂ ਚੜ੍ਹਾਉਂਦੀਏ॥ ਕਾਈ ਆਖਦੀ ਮਸਤਿਆ ਨਾਥ ਫਿਰਦਾ ਨਾਲ ਮਸਤੀਆਂ ਘੂਰਦਾ ਗਾਂਵਦਾ ਏ ॥ ਕਾਈ ਆਖਦੀ ਮਸਤ ਦੀਵਾਨੜਾ ਹੈ ਬੁਰਾ ਲੇਖ ਜਲੇਂਦੜੀ ਮਾਉਂਦਾ ਏ॥ ਕਾਈ ਆਖਦੀ ਜੋਗੀੜਾ ਨਵਾਂ ਠੱਗ ਹੈ ਰੰਗ ਰੰਗਦੀ ਕਿੰਗ ਵਜਾਉਂਦਾ ਏ ॥ ਕਾਈ ਆਖਦੀ ਆਖਾ

ਉਧਾਲ ਫਿਰਦਾ ਸੂਆ ਚੋਰ ਏਹ ਕਿਸੇ ਗਿਰਾਉਂਦਾਏ ॥ ਲੜੇ ਭਿੜੇ ਤਾਂ ਗਾਲੀਆਂ ਦੇ ਲੋਕਾਂ ਠੱਠਾ ਮਾਰਦਾ ਲੋਹੜ ਕਮਾਉਂਦਾਏ॥ ਆਟਾ ਕਣਕਦਾ ਤੇ ਘਿਉ ਲਏ ਬਹੁਤਾ ਦਾਣੇ ਟੁੱਕ ਨੂੰ ਹੱਥ ਨਾ ਲਾਉਂਦਾਏ ॥ ਵਾਰਸਸ਼ਾਹ ਪ੍ਰੇਮਦਾ ਚੰਦ ਚੜ੍ਹਿਆ ਘਰੋ ਘਰੀ ਮੁਬਾਰਕਾਂ ਲਜਾਉਂਦਾਏ ॥

॥ ਕਲਾਮ ਜੋਗੀ ॥

ਆ ਵੜੇ ਹਾਂ ਉਜੜੇ ਪਿੰਡ ਅੰਦਰ ਕੋਈ ਕੁੜੀ ਨਤ੍ਰਿਞਣੀਂ ਗਾਉਂਦੀ ਹੈ ॥ ਨਹੀਂ ਕਿਲਕਲੀ ਪਾਉਂਦੀ ਨਹੀਂ ਸੰਮੀ ਅੱਡੀ ਮਾਰਨਾ ਧਰਤ ਬੁਲਾਉਂਦੀ ਹੈ॥ ਗੀਤ ਗਾਉਂਦੀ ਨਹੀਂ ਕੋਈ ਚੂਹੜਿਆਂ ਦਾ ਗਿੱਧਾ ਰਾਹ ਵਿੱਚ ਕੋਈ ਨਾ ਪਾਉਂਦੀ ਹੈ ॥ ਵਾਰਸਸ਼ਾਹ ਛੱਡ ਚੱਲੀਏ ਦੇਸ ਐਸਾ ਏਹ ਤਬਾ ਫ਼ਕੀਰ ਦੀ ਚਾਹੁੰਦੀ ਹੈ॥

॥ ਕਲਾਮ ਕੁੜੀਆਂ ॥

ਚਲੋ ਜੋਗੀਆ ਅਸੀ ਵਖਾਇ ਲਿਆਈਏ ਜਿੱਥੇ ਤ੍ਰਿਞਣੀਂ ਛੋਹਰੀਆਂ ਗਾਉਂਦੀਆਂ ਨੇ॥ ਲੈਕੇ ਜੋਗੀ ਨੂੰ ਆ ਵਿਖਾਲਿਓ ਨੇ ਜਿੱਥੇ ਵਹੁਟੀਆਂ ਛੋਪਰਾਂ ਪਾਂਦੀਆਂ ਨੇ॥ ਇਕ ਨਚਦੀਆਂ ਮਸਤ ਮਲੰਗ ਹੋਕੇ ਇਕ ਚੂਹੜੇ ਦਾ ਸਾਂਗ ਲਾਂਦੀਆਂ ਨੇ ॥ ਇਕ ਝਾਵਿਆਂ ਨਾਲ ਘਸਾਇ ਝਾਂਜਰ ਇਕ ਮਾਲ ਤੇ ਮਾਲ ਚੜ੍ਹਾਂਦੀਆਂ ਨੇ॥ ਤੰਦ ਨਿਕਲੀ ਤਕਲਿਉਂ ਤ੍ਰੇੜਕੇ ਤੇ ਇਕ ਦੂਈ ਨੂੰ ਬਹੁਤ ਹਸਾਂਦੀਆਂ ਨੇ॥ ਵਾਰਸਸ਼ਾਹ ਇਕੋਤਰਸੌ

ਜ਼ਾਤ ਬੈਠੀ ਭੇਤ ਕਿਸੇ ਦਾ ਓਹ ਨਾ ਪਾਂਦੀਆਂ ਨੇ ॥

॥ ਕਲਾਮ ਸ਼ਾਇਰ ॥

ਜਿਥੇਂ ਤ੍ਰਿਵਣਾਂ ਵਿਚ ਘੁਮਕਾਰ ਪੌਂਦੇ ਕਤਨ ਬੈਠੀਆਂ ਲਖ ਮਹਿਰੇਟੀਆਂ ਨੇ। ਖਤ੍ਰਰੇਟੀਆਂ ਤੇ ਬ੍ਰਹਿਮੇਟੀਆਂ ਨੇ ਤਰਖੇਟੀਆਂ ਅਤੇ ਜਟੇਟੀਆਂ ਨੇ ॥ ਤੇਲਨਹਾਰੀਆਂ ਲੌਂਗਸਪਾਰੀਆਂ ਨੇ ਸੁੰਦਰ ਖੋਜੀਆਂ ਤੇ ਘੁਮਰੇਟੀਆਂ ਨੇ ॥ ਸੁੰਦਰ ਕੁਆਰੀਆਂ ਨੇ ਰੂਪ ਸੀਗਾਰੀਆਂ ਨੇ ਤੇ ਵਿਆਹੀਆਂ ਮੁਸ਼ਕ ਲਪੇਟੀਆਂ ਨੇ॥ ਅਰੋੜੀਆਂ ਮੁਸ਼ਕ ਵਿਚ ਬੋੜੀਆਂ ਨੇ ਫੁਲਵਾਰੀਆਂ ਛੈਲ ਸੁਨਰੇਟੀਆਂ ਨੇ ॥ ਸੁਨਿਆਰੀਆਂ ਤੇ ਪਖੀਵਾਰੀਆਂ ਨੇ ਖ਼ੂਬ ਤੇਲਨਾਂ ਨਾਲ ਮੁਚੇਟੀਆਂ ਨੇ॥ ਪਠਾਣੀਆਂ ਚਾਦਰਾਂ ਤਾਣੀਆਂ ਨੇ ਪਸਤੋ ਮਾਰੀਆਂ ਨਾਲ ਮੁਗ਼ਲੇਟੀਆਂ ਨੇ॥ ਪੰਜਾਰੀਆਂ ਨਾਲ ਚਮਿਆਰੀਆਂ ਨੇ ਰਾਜ ਪੂਤਨਾਂ ਨਾਲ ਭਰੇਟੀਆਂ ਨੇ ॥ ਦਰਜ਼ਾਣੀਆਂ ਸੁਘੜ ਸਿਆਣੀਆਂ ਨੇ ਬਰਵਾਲੀਆਂ ਨਾਲ ਮਛੇਟੀਆਂ ਨੇ ॥ ਸਯਦਜ਼ਾਦੀਆਂ ਤੇ ਸ਼ੇਖ਼ਜ਼ਾਦੀਆਂ ਨੇ ਤੁਰਕਾਣੀਆਂ ਨਾਲ ਘੁਮਰੇਟੀਆਂ ਨੇ॥ ਰਾਵਲਾਨੀਆਂ ਬੇਟੀਆਂ ਬਾਣੀਆਂ ਦੀਆਂ ਛੈਨਾਵਾਲੀਆਂ ਅਤੇ ਚੂਰੇਟੀਆਂ ਨੇ॥ ਚੰਗ-ਜ਼ਾਨੀਆਂ ਨਾਇਣਾਂ ਮੀਰਜ਼ਾਦਾਂ ਖਾਨ ਬੇਟਨਾਂ ਨਾਲ ਮਤੇਟੀਆਂ ਨੇ॥ ਗੋਡੀਲਦਾਂ ਛੈਲ ਛਬੀਲਨਾਂ ਨੇ ਤੇ ਕਲਾਲਣਾਂ ਭਾਬੜਿਆਂ ਬੇਟੀਆਂ ਨੇ ॥ ਬਾਜ਼ੀਗਰਨੀਆਂ ਨਟਨੀਆਂ ਗਗੜੀਆਂ ਨੇ ਵੀਰਾ ਰਾਂਧਨਾਂ ਰਾਮ੍ਜਨੇਟੀਆਂ ਨੇ॥ ਤੁਰਕਾਣੀਆਂ ਚਾਦਰਾਂ

ਤ੍ਰਾਣੀਆਂ ਨੇ ਤੇ ਬੈਰਾਗਣਾਂ ਨਾਲ ਠਨਰੇਟੀਆਂ ਨੇ ॥
ਸੈਨਿਜਾਸਣਾਂ ਨਾਲ ਖਰਾਸਣਾਂ ਨੇ ਵਾਲ ਗਰਨੀਆਂ ਨਾਲ
ਮਰੇਵੀਆਂ ਨੇ॥ਗਰਝਾਨੀਆਂ ਡੂੰਮਣਾਂ ਧਾਈਂ ਕੂਟਾਂ ਆਤਸ਼
ਬਾਜ਼ਣਾਂ ਨਾਲਬਲਹੇਟੀਆਂ ਨੇ॥ਖਟੀਕਣਾਂਤੇ ਨੇਛੇ ਬੰਨਣਾਂ
ਨੇ ਕੂਰੇਗਰਨੀਆਂਤੇਛੰਗਰੇਟੀਆਂਨੇ ॥ਭਿਰਾਇਣਾਂ ਡ੍ਹਾਇਣਾਂ
ਸ਼ਰਸਨਾਂਨੇਸਹਸਿਆਣੀਆਂਅਤੇ ਕੁਟੇਟੀਆਂ ਨੇ॥ਬਿਰੂਪਣਾਂ
ਰਾਜਣਾਂ ਜੀਲਵੱਟਾਂ ਬਰਵਾਲੀਆਂ ਨਾਲ ਭਰੇਟੀਆਂ ਨੇ ॥
ਲਬਾਣੀਆਂ ਢਾਢੀਨਾਂ ਪੇਰਨੀਆਂ ਨੇ ਤੇ ਸਰਵਾਨਣਾਂ ਦੁਧ
ਮਲੇਟੀਆਂ ਨੇ ॥ ਜੁਲੇਟੀਆਂ ਮੋਂਉਣਾਂ ਪੰਬਕੁਟਾਂ ਤੇ
ਝਬੇਲੀਆਂ ਨਾਲ ਕਸੇਟੀਆਂ ਨੇ ॥ ਕਾਗ਼ਜ਼ ਕੂਟਾਂ ਦਬ
ਗਰਨੀਆਂਉਜੜਦਬੇਗਾਂਹਾਥੀਵਾਨਣਾਂ ਤੇ ਡਫਰੇਟੀਆਂ ਨੇ॥
ਸੱਕੀਡੋਗਰੀ ਗੂਜਰੀ ਛੈਲਕੁੜੀਆਂ ਹਰਵਾਸੀਆਂਰਾਜੇਦੀਆਂ
ਬੇਟੀਆਂ ਨੇ ॥ ਪਕੜ ਜੋਗੀ ਦਾ ਅੰਚਲਾ ਲਾਇ ਗੱਲਾਂ ਘੇਰ
ਘੇਰਕੇ ਵੇਹੜੇ ਬਹਿੰਦੀਆਂਨੇ ॥ ਵਾਰਸਸ਼ਾਹਬੈਠਾ ਜੋਗੀਹੋਇ
ਜੀਜਾ ਦੁਆਲੇ ਬੈਠੀਆਂ ਸਾਲੀਆਂ ਜੇਠੀਆਂ ਨੇ ॥

॥ ਜਵਾਬ ਕੁੜੀਆਂ ॥

ਕਾਈਆਇਹਿਰੰਝੇਵੇਦੇਨੈਣਦੇਖੇਕਾਈ ਮੁਖੜਾ ਵੇਖ ਸਲਾਹੁੰਦੀ
ਹੈ॥ ਅੜੀਓਵੇਖੋਤੇਸ਼ਾਨਰੰਗੀਲੜੇਦੀ ਰਾਹ ਜਾਂਦੜੇ ਮਿਰਗ
ਫਸਾਉਂਦੀ ਹੈ॥ ਛੋਟੀਉਮਰਦੀ ਦੋਸਤੀਨਾਲ ਜਿਸਦੇ ਦਿਨ
ਚਾਰ ਨਾ ਤੋੜ ਨਿਭਾਹੁੰਦੀ ਹੈ॥ਕਾਈ ਓਢਨੀ ਲਾਹਿਕੇ ਮੁਖ

ਪੈੜੇ ਧੋਇ ਧਾਇ ਭਬੂਤ ਨੂੰ ਲਾਹੁੰਦੀ ਹੈ ॥ ਕਾਈ ਮੂਖ ਰੰਝੇ ਦੇ ਦੇਨਾਲ ਜੋੜੇ ਤੇਰੀ ਭਬਾ ਕੀ ਜੋਗੀਆ ਚਾਹੁੰਦੀਹੈ॥ ਸਹਿਤੀਲਾਭ ਦੇ ਨਾਲ ਚਵਾਉ ਕਰਕੇ ਜਾ ਸੇਲੀਆਂ ਜੋਗੀ ਦੀਆਂਲਾਹੁੰਦੀਹੈ॥ਰਾਂਝੇਆਖਿਆ ਏਹੁਹੈ ਕੌਣ ਨੱਢੀਧੀਅੱਜੂ ਦੀ ਕਾਈਚਾਆਹੁੰਦੀ ਹੈ ॥ ਅੱਜੂ ਫੱਜੂ ਛੱਜੂ ਗੱਜੂ ਕੌਣਹੁੰਦਾ ਅੱਗੋਂ ਹੋਰ ਜਵਾਬ ਸੁਣਾਉਂਦੀਹ॥ ਵਾਰਸਸ਼ਾਹ ਨਿਸ਼ਾਨ ਹੈ ਹੀਰ ਸੰਦੀ ਧੀ ਖੇੜਿਆਂ ਦੇ ਪਾਤਸ਼ਾਹ ਦੀ ਹੈ ॥

॥ ਜਵਾਬ ਜੋਗੀ ॥

ਅੱਜੂਧੀਰੱਖੀਧਾੜੇਮਾਰਨੇਨੂੰਮੁਸ਼ਟੰਡਜ਼ੀਤ੍ਰਿਵਣੀਘੁੰਮਦੀ ਹੈ॥ ਕਰੇ ਆਣ ਬਿਅਦਬੀਆਂ ਨਾਲ ਫ਼ਕਰਾਂ ਸਗੋਂ ਸੇਲੀਆਂ ਨੂੰ ਨਹੀਂ ਚੁੰਮਦੀ ਹੈ॥ਲਾਹ ਸੇਲੀਆਂਮਾਰਦੀ ਜੋਗੀਆਂ ਨੂੰ ਅਤੇ ਮਿਲਦੀਆਂ ਮਹੀਂ ਨੂੰ ਟੁੰਬਦੀ ਹੈ ॥ ਸਰਦਾਰ ਹੈ ਲੂਹਕਾਂ ਲਾਹਿਕਾਂਦੀਪੀਹਣਡੋਲਦੀਤੇਤੋਂਨਲੁੰਬਦੀਹੈ॥ਫਿਰੇ ਨੱਚਦੀ ਸ਼ੋਖ ਚੌਗਾਨ ਘੋੜੀ ਨਾ ਇਹ ਕੱਤਦੀ ਤੇਨਾਇਹਤੁੰਬਦੀ ਹੈ॥ ਵਾਰਸਸ਼ਾਹ ਦਿਲ ਆਂਵਦੀਚੀਰਸੁੱਟਦਾਂ ਜੇਹੜੀਜ਼ੁਲਫ਼ ਗੱਲਾਂ ਉਤੇ ਲੁੰਬਦੀ ਹੈ ॥

॥ ਕਲਾਮ ਸਹਿਤੀ ॥

ਹੱਥ ਲੱਗੇਤਾਂ ਪਕੜ ਪਛਾੜਸਾਂਵੇ ਤੇਰੇ ਨਾਲ ਕਰਸਾਂ ਜੋ ਤੂੰ ਜਾਣਸੈਂਵੇ ॥ ਇਕ ਇਕ ਕਰਕੇ ਭੰਨਾਂ ਲਿੰਗ ਤੇਰੇਤਦੋਂ ਰੱਬ ਨੂੰ ਇਕ ਪਛਾਣਸੇਂਵੇ ॥ ਵੇਹੜੇ ਵੜੇਂ ਤਾਂ ਜੁੰਡੀਆਂ ਖੋਹ ਸੁੱਟੂੰ

ਤਦੋਂ ਸ਼ੁਕਰ ਬਜਾਇ ਲਿਆਵਸੈਂ ਵੇ ॥ ਗੱਦੋਂ ਵਾਂਗ ਮੈਂ ਜੂੜਕੇ ਘੜਾਂ ਤੈਨੂੰ ਤਦੋਂ ਅੱਜੂ ਦੀ ਧੀ ਆਖਦਸੈਂ ਵੇ॥ ਸਹਿਤੀਉ ਉੱਠਕੇ ਘਰੇ ਨੂੰ ਖਿਸਕ ਚਲੀ ਮੰਗਣ ਆਵਸੈਂ ਤੇ ਮੈਨੂੰ ਜਾਣਸੈਂ ਵੇ॥ ਵਾਰਸਸ਼ਾਹ ਵਾਂਗੂੰ ਤੇਰੀ ਕਰਾਂ ਖਿਦਮਤ ਮੌਜਾਂ ਸੱਜਣਾਂ ਦੀਆਂ ਤਦੋਂ ਮਾਣਸੈਂ ਵੇ ॥

॥ ਜਵਾਬ ਜੋਗੀ ॥

ਕੇਹੀ ਫ਼ਕਰ ਦੇ ਨਾਲ ਰਿਹਾੜ ਪਾਈ ਭਲਾ ਬਖ਼ਸ਼ਸਾਨੂੰ ਮਾਪੇ ਜੀਊਣੀਏ ਨੀ ॥ ਸੱਪ ਸ਼ੀਂਹਣੀ ਵਾਂਗ ਕੁਲਹਿਣੀਏਂ ਨੀ ਮਾਸ ਖਾਣੀਏ ਤੇ ਰੱਤ ਪੀਣੀਏ ਨੀ॥ ਦੁਖੇ ਜੀਅ ਦੁਖਾਨਾ ਭਾਗ ਭਰੀਏ ਸੋਨ ਚਿੜੀਏ ਤੇ ਕੂੰਜ ਲਖੀਣੀਏ ਨੀ॥ ਸਾਥੋਂ ਨਿਸ਼ਾ ਨਾ ਹੁੰਦੀ ਹੈ ਮੂਲ ਤੇਰੀ ਸੱਕੇ ਖਸਮ ਥੋਂ ਨਾਹਿ ਪਤੀਣੀਏ ਨੀ॥ ਚਰਖਾ ਚਾਇਕੇ ਠੱਠ ਜ਼ਾ ਕਰੇਂ ਮਰਦਾਂ ਕਿਸੇ ਯਾਰ ਨੇ ਪਕੜ ਮਲੀਣੀਏ ਨੀ ॥ ਵਾਰਸਸ਼ਾਹ ਫ਼ਕੀਰ ਦੇ ਵੈਰ ਪਈਏਂ ਕਰਮ ਤੱਤੀਏ ਜਨਮ ਦੀਏ ਹੀਣੀਏ ਨੀ ॥

॥ ਕਲਾਮ ਸ਼ਾਇਰ ॥

ਵੇਹੜੇ ਜੱਟਾਂ ਦੇ ਮੰਗਦਾ ਜਾਇ ਵੜਿਆ ਅੱਗੇ ਜੱਟ ਪਿਆ ਢੱਗੀ ਮੇਲਦਾ ਸੀ ॥ ਸਿੰਙੀ ਫੂਕਕੇ ਨਾਦ ਘੁਕਾਇਆ ਸੂ ਜੋਗੀ ਜੱਕੇ ਵਿੱਚ ਜਾ ਠੇਹਲਦਾ ਸੀ॥ ਕਰਕੇ ਹੋਇ ਹੋਇ ਸੰਘ ਨੂੰ ਅੱਡਿਆ ਸੂ ਫ਼ੀਲਬਾਨ ਜਸੋਂ ਹਸਤੀ ਨੂੰ ਪੇਲਦਾ ਸੀ॥ ਵੇਹੜੇ ਵਿਚ ਅਵਧੂਤ ਜਾ ਗੱਜਿਆ ਈ ਮਸਤ ਸਾਨ ਵਾਂਗੂੰ ਵੇਖੋ ਖੇਲਦਾ ਸੀ॥

॥ ਕਲਾਮ ਜੱਟ ॥

ਨਿਆਣਾ ਤੋੜਕੇ ਢਾਂਵੜੀ ਉਠਨੱਠੀ ਭੰਨ ਦੋਹਣੀਦੁੱਧਸਭ ਡੋਲ੍ਹਿਆਈ ॥ ਘੱਤ ਖੈਰ ਇਸ ਕਟਕ ਦੇ ਮੋਹਰੀ ਨੂੰ ਜੱਟ ਉਠਕੇ ਰੋਹ ਹੋ ਬੋਲਿਆਈ ॥ ਕਿਸੇਤੁੱਖੜੇ ਦੇਸਦਾਏਹਜੋਗੀ ਏਥੇ ਦੂੰਦ ਕੀ ਆਨ ਕੇ ਘੋਲਿਆਈ ॥ ਸੂਰਤ ਜੋਗੀ ਦੀ ਅੱਖੀਆਂ ਗੀੜਿਆਂਦੀਆਂ ਆਬਕ ਟਕਦੀ ਤੇ ਜੀਉ ਡੋਲਿਆਈ ॥ ਜੋਗੀ ਅੱਖੀਆਂ ਕੱਢਕੇ ਫੱਟਤਿਉੜੀਲੈਕੇ ਖੱਪਰ ਹੱਥਵਿਚ ਤੋਲਿਆਈ ॥ ਵਾਰਸਸ਼ਾਹ ਏਹ ਜੰਗ ਤਹਕੀਕ ਹੋਸੀ ਜੀਉ ਸ਼ਾਗਨੀ ਦਾ ਅੱਗੋਂ ਬੋਲਿਆਈ ॥

॥ ਕਲਾਮ ਸ਼ਾਇਰ ॥

ਜੱਟਬੋਲਕੇ ਦੁਧਦੀਕਮਰਕੱਢੀ ਸਭੇਅੜਤਨੇ ਪੜਤਨੇ ਪਾੜ ਸੱਟੇ॥ਪੂਣੇਦਾਦੇ ਖੜਦਾਦੜੇ ਜੋਗੀਫੇਦੇਸਭੇ ਟੰਗਣੇਤੇ ਸਾਕ ਚਾੜ੍ਹ ਸੱਟੇ॥ਬੋਲੀ ਮਾਰਕੇਗਾਲੀਆਂ ਨਾਲ ਜੱਟੀਸਭੇ ਛਕਰ ਦੇ ਪੜਤਨੇ ਪਾੜਸੱਟੇ ॥ ਜੋਗੀ ਰੋਹਦੇਨਾਲ ਖੜਲਤ ਮਾਰੀ ਧੌਲਮਾਰਕੇ ਦੰਦਸਭਝਾੜਸੱਟੇ ॥ ਜੱਟੀ ਧਰਤੀਤੇ ਪਟੜੇ ਦੇ ਵਾਂਗ ਢੱਠੀ ਜਿਵੇਂ ਵਾਹਰੂਫਟਕੇ ਧਾੜ ਸੱਟੇ ॥ ਵਾਰਸ ਸ਼ਾਹ ਮੀਆਂ ਜਿਵੇਂ ਮਾਰ ਤੇਸ਼ੇ ਫ਼ਰਿਹਾਦ ਨੇ ਚੀਰ ਪਹਾੜ ਸੱਟੇ॥

॥ ਕਲਾਮ ਜੱਟ ॥

ਕਰੇਬਾਹੁੜੀ ਤੇ ਫ਼ਰਯਾਦ ਕੂਕੇਵੇਖੋਪਰੀਨੂੰ ਰਿਛ ਪਥੱਲਿਆ ਜੇ॥ਮੇਰੀਜੱਟੀ ਸੁਆਣੀ ਨੂੰ ਮਾਰਜਿੰਦੋਂ ਖਿਸਕ ਮਹਿਰ ਦੀ

ਸਥ ਨੂੰ ਚੱਲਿਆ ਜੇ ॥ ਲੈਕਾ ਬਾਹੁੜੀ ਤੇ ਧ੍ਰੋਹੀ ਘੱਤਦਾਏ ਮੇਰਾ ਝਗੜਾ ਚੋਣਕਰ ਚੱਲਿਆ ਜੇ ॥ ਪਿੰਡ ਵਿਚ ਬਲਾਇ ਇਹ ਆਨ ਵੜਿਆ ਜੇਹਾ ਜਿਨ ਉਜਾੜ ਵਿਚ ਮੱਲਿਆ ਜੇ ॥ ਪਕੜ ਲਾਠੀਆਂ ਗੱਭਰੂ ਪਿਛੇ ਲਗੇ ਵਾਂਗ ਧਾੜਵੀ ਦੇ ਕਟਕ ਚਲ ਜਾਜੇ। ਵਾਰੇਸ਼ਾਹ ਜਲੋਂ ਬਿਜਲੀ ਲਿਸ਼ਕ ਦੀ ਤੋਂ ਬੱਦਲ ਪਾਟਕੇ ਘਟਾਂ ਹੋ ਚੱਲਜਾ ਜੇ॥

॥ ਜੱਟ ਆਏ ॥

ਆਏ ਆਏ ਮੁਹਾਨਿਆਂ ਜਦੋਂ ਕੀਤੀ ਚਾਰੋਂ ਤਰਫ ਹੀ ਦੌੜਕੇ ਆਇਗਏ ॥ ਸਚੋ ਸੱਚ ਜਾਂ ਫਾਟਿਆ ਰਹੋਈ ਜੋਗੀ ਹੋਰੀ ਭੀ ਜੀਉ ਚੁਰਾਇਗਏ ॥ ਦੂਜੇ ਵੇਹੜੇ ਨੂੰ ਤੁਰਤ ਮੁਹਾਟ ਛੱਡੀ ਛਿਬੀ ਦੇਕੇ ਕਡ ਵਲਾਇਗਏ ॥ ਵੇਖੋ ਫੱਕਰ ਅਲਾਹ ਦੇ ਮਾਰ ਜੱਟੀ ਉਸ ਜੱਟ ਨੂੰ ਵਾਇਦੇ ਪਾਇ ਗਏ ॥ ਜਦੋਂ ਮਾਰ ਚੌਤਰਫ ਤੱਯਾਰ ਹੋਈ ਤਦੋਂ ਆਪਨਾ ਆਪ ਖਿਸਕਾਇਗਏ॥ ਦੇਖੋ ਆਸ਼ਕ ਗਜ਼ਬ ਦੇ ਸਿਰੇ ਚੜ੍ਹਕੇ ਝੱਟ ਸ਼ੇਰ ਵਾਲਾ ਹੁਣ ਲਾਇਗਏ ॥ ਜਦੋਂ ਗੱਲ ਕੀ ਚਾਵੜੀ ਆਨ ਬਨੀ ਜੋਗੀ ਹੁਰੀ ਭੀ ਕਦਮ ਉਠਾਇਗਏ ॥ ਇਕ ਫੱਟ ਘਤੀ ਹੋਨ ਸਿੱਝ ਗਈਆਂ ਰੰਨਾਂ ਪਿੰਡ ਦੀਆਂ ਨੂੰ ਰਾਹ ਪਾਇ ਗਏ ॥ ਜਦੋਂ ਖਸਮ ਮਿਲੇ ਪਿੱਛੋਂ ਮਾਹਰਾਂ ਦੇ ਤਦੋਂ ਧਾੜਵੀ ਘੋੜੇ ਦੁੜਾਇ ਗਏ ॥ ਜੋਲੋਂ ਲੁਕੇ ਰਹੇ ਤੌਲੋਂ ਭੋਗ ਭੋਗੇ ਜ਼ਾਹਰਾ ਹੋਏ ਤਾਂ ਘਰਾਂ ਨੂੰ ਆਇਗਏ ॥ ਹੱਥ ਲਾਇਕੇ ਬਰਕਤੀ ਜੁਆਨ ਪੂਰੇ ਕਰਾਮਾਤ ਹੀ ਜ਼ਾਹਰ ਦਿਖਾਇਗਏ॥ ਵਾਰਸ ਸ਼ਾਹ ਮੀਆਂ ਸਿਆਣੇ ਬਾਜ਼ ਛੁਟੇ ਜਾਨ ਰਖਕੇ ਚੋਟ ਚਲਾਇ ਗਏ ॥

॥ ਕਲਾਮ ਸ਼ਾਇਰ ॥

ਜੋਗੀਮੰਗਕੇ ਪਿੰਡ ਤਯਾਰ ਹੋਇਆ ਆਟਾ ਮੇਲਕੇ ਖੱਪਰਾ ਪੂਰਿਆਸੂ ॥ ਕਿਸੇਹੱਸਕੇ ਟੁਗੜਾ ਪਾਇਆਈਕਿਸੇ ਜੋਗੀ ਨੂੰ ਚਾਇ ਵਿਡੂਰਿਆਸੂ ॥ ਕਿਸੇ ਜੋਗੀ ਨੂੰ ਦੱਬਕੇ ਡਾਂਟ ਲਿਆ ਕਿਤੇਜੋਗੀ ਨੇ ਉਨ੍ਹਾਂਨੂੰਘੂਰਿਆਸੂ॥ ਵੇਹੜੇ ਖੇੜਿਆਂ ਦੇ ਝਾਤ ਪਾਇਆਸੂ ਜਿਵੇਂ ਚੌਧਵੀਂ ਦਾਚੰਦਪੂਰਿਆਸੂ ॥ ਵਾਰਸਸ਼ਾਹ ਮੀਆਂਹੋਰਨਾਲਬੋਲੇਗਿਰਦੇਸਹਿਤੀਦੇਆਨਕੇ ਹੂਰਿਆਸੂ ॥ ਕਿਤੇ ਵਲਗਣਾਂਵੇਹੜਿਆਂਅਰਲ ਖੋੜਾਂ ਕਿਤੇਪਹਿਲਣਾਂ ਤੇ ਖਰਲਾਣੀਆਂਨੀ ॥ ਕਿਤੇਕੌਰੀਆਂਚਾਟੀਆਂਦੇਹੀਆਂਦੇਕਿਤੇ ਕੀਲੀਆਂਨਾਲ ਮਧਾਣੀਆਂਨੀ ॥ ਕਿਤੇਇਕਸਨ ਛੋਹਰੀਆਂ ਨਾਲਬੈਠੇ ਕਿਤੇ ਨਿਕਲੀਆਂਘਰੋਂਸਿਆਣੀਆਂਨੀ ॥ ਛੱਤਾਂ ਨਾਲਦੇਰੇਹੋਏਨਜ਼ਰ ਆਏ ਖੋਪੇ ਨਾੜੀਆਂ ਅਤੇ ਪੁਰਾਣੀਆਂ ਨੀ ॥ ਰੁਖੀ ਮੱਥੇਤੇ ਨਾਗਨੀ ਭੌਰੀਆਂਹੋ ਘੰਟਾ ਛੁਟਾ ਜਿਉਂ ਹੋਣ ਪੁਰਾਣੀਆਂਨੀ ॥ ਕੋਈਪਲੰਘ ਉਤੇਨਾਗਰਵੇਲ ਬੈਠੀ ਜੇਹੀਆਂ ਰੰਗ ਮਹੱਲਵਿੱਚਰਾਣੀਆਂਨੀ॥ ਵਾਰਸਕੁਆਰੀਆਂ ਕਤਨਾ ਕਰਨਲਗੀਆਂ ਮੋਏਮਾਪੇਤੇਮਿਧਨਤਾਂਹਾਰੀਆਂਨੀ॥

॥ ਜਵਾਬ ਸਹਿਤੀ ॥

ਸਹਿਤੀ ਆਖਿਆ ਵੇਖਨੂੰ ਭਾਬੀਹੇਨੀ ਫਿਰਦਾਲੁੱਚ ਮੁੰਡਾ ਖੁਰਾਸਾਨੀਆਂਨੀ ॥ ਕਿਤੋਂ ਸਜਰੇਕੰਨ ਪੜਾਇ ਲੀਤੇ ਧੁਰੋਂ ਜਾਣਝਾਂਏਹਪੁਰਾਣੀਆਂਨੀ ॥ ਕੋਈਏਹ ਉੱਚਕੜਾ ਦਿਸਦਾ

ਹੈ ਅੱਖੀਂ ਏਸਦੀਆਂ ਗੋਡ ਸਿਆਣੀਆਂ ਨੀ॥ ਘਰੀਂ ਆਇ ਕੇਬਰ ਖਰਾ ਬੋਲਦਾਈ ਅਸੀ ਮੇਹੀਆਂ ਨਹੀਂ ਮੁਹਾਨੀਆਂ ਨੀ ॥ਕੀਕੂੰ ਬੋਲਦਾ ਪਿਆ ਅਵੱਲ ਲੂੰਡਾ ਅਸੀਂ ਲੂਣਾ ਦੇ ਮੂੰਹੋਂ ਸਮਾਣੀਆਂ ਨੀ ॥ ਵਾਰਸਸ਼ਾਹ ਮੀਆਂ ਇਹ ਤਾਂ ਫ਼ਕਰ ਨਾਹੀਂ ਦਿੱਸੇ ਏਹ ਤਾਂ ਕੋਈ ਤੂਫ਼ਾਨੀਆਂ ਨੀ ॥

॥ ਕਲਾਮ ਸ਼ਾਇਰ ॥

ਜੋਗੀ ਹੀਰ ਦੇ ਸਾਹੁਰੇ ਜਾਇ ਵੜਿਆ ਭੁਖਾ ਬਾਜ਼ ਜਨੇਂ ਫਿਰੇ ਲਲੋਰਦਾਈ ॥ ਆਯਾ ਖੁਸ਼ੀ ਦੇ ਨਾਲ ਦੇ ਚੰਦ ਹੋਕੇ ਸੂਬੇਦਾਰ ਜਿਉਂ ਨਵਾਂ ਲਾਹੌਰਦਾਈ॥ਧੁਸ ਦੇਇਕੇ ਵੇੜੇ ਵਿਚ ਜਾਇ ਵੜਿਆ ਹੱਠ ਕੀਤਾ ਸੂ ਮੈਨੂ ਦੇ ਚੋਰਦਾਈ ॥ ਜਾਇ ਅਲਖ ਜਗਾਇਕੇ ਨਾਦ ਫੂਕੇ ਸੁਾਲ ਪਾਂਵਦਾ ਲਟਕ ਮਰੋੜਦਾਈ ॥ ਅਨੀ ਖੇੜਿਆਂ ਦੀ ਨਵੀਂ ਵਹੁਟੀਏ ਨੀ ਜ਼ਰਾ ਸੁਖਨ ਹੀਲਾ ਟਕੋਰਦਾਈ ॥ ਵਾਰਸਸ਼ਾਹ ਹੁਨ ਰੱਬ ਨੂੰ ਜਿਵੇਂ ਭਾਵੇ ਸਗਨ ਹੋਇਆ ਹੈ ਜੰਗ ਤੇ ਸ਼ੋਰਦਾਈ॥

॥ ਜਵਾਬ ਸਹਿਤੀ ॥

ਸੱਚ ਆਖ ਤੂੰ ਰਾਵਲਾ ਕਹੇ ਸਹਿਤੀ ਤੇਰਾ ਜੀਉ ਕਾਈ ਗੱਲ ਲੋੜਦਾਏ॥ਵੇਹੜੇ ਵੜਦਿਆਂ ਰਿੱਕਤਾਂ ਛੇੜੀਆਂ ਨੀ ਕੰਡਾ ਵਿਚ ਕਲੇਜੇ ਦੇ ਬੋੜਿਆਏ॥ ਪਾਤਸ਼ਾਹ ਦੇ ਬਾਗ਼ ਵਿੱਚ ਨਾਲ ਚਾਵੜ ਫਿਰੇਂ ਫੁਲ ਗੁਲਾਬ ਦਾ ਤੋੜਦਾਏ॥ਵਾਰਸ਼ਾਹ ਬੇਸ਼ੁਤਰ ਮੁਹਾਰ ਬਾਝੋਂ ਡਾਂਗ ਨਾਲ ਕੋਈ ਮੂੰਹ ਮੋੜਦਾਏ ॥

॥ ਜ਼ਵਾਬ ਜੋਗੀ ॥

ਆਕੁਾਰੀਏ ਲੋਹਿੜੇਮਾਰੀਏਨੀਧੱਕਾਦੇਹਨਾ ਹਿੱਕਦੇ ਜੋਰਦਾ ਨੀ॥ਬੁੰਦੇਕੁੰਡਲ ਨੱਥਤੇਹੱਸ ਕੁੜੀਆਂ ਥੈਠੀ ਰੂਪ ਬਣਾਇਕੇ ਮੋਰਦਾਨੀ ॥ ਅਨੀ ਨੱਢੀਏ ਰਿੱਕਤਾਂ ਛੇੜ ਨਾਹੀਂ ਏਹ ਕੰਮ ਨਾਹੀਂ ਧੁਮਸ਼ੋਰਦਾਨੀ ॥ ਵਾਰਸਸ਼ਾਹ ਫ਼ਕੀਰ ਗਰੀਬ ਉੱਤੇ ਵੈਰ ਕੱਢਿਓਈ ਕਿਸੇ ਹੋਰਦਾ ਨੀ ॥

॥ ਕਲਾਮ ਸਹਿਤੀ ॥

ਖੁਲ੍ਹ ਜਾਇਗੀ ਨਾਲ ਰਵਾਇ ਚਾਦੜ ਸਾਨੂੰ ਬੰਨ੍ਹ ਭੰਡਾਰ ਕਢਾਇਓ ਵੇ ॥ ਅੱਜ ਆ ਵੜਿਓਂ ਜਿੰਨ ਵਾਂਗ ਵੇਹੜੇ ਵੈਰ ਕੱਲ੍ਹ ਦਾ ਆਨ ਜਗਾਇਓ ਵੇ ॥ ਗੱਦੋਂ ਆਨ ਵੜਿਆ ਵਿੱਚ ਛੋਹਰੀਆਂ ਦੇਅਜ਼ਰਾਈਲਨੇਠੀਕ ਫਸਾਇਓਵੇ॥ਵਾਰਸਸ਼ਾਹ ਰਜ਼ਾਇ ਦੇ ਕੰਮ ਵੇਖੋ ਅੱਜ ਰੱਬ ਨੇ ਠੀਕ ਕੁਟਾਇਓਵੇ ॥

॥ ਕਲਾਮ ਜੋਗੀ ॥

ਕੱਚੀ ਕੁਆਰੀਏ ਲੋਹਿੜੇ ਮਾਰੀਏ ਨੀ ਟੂਣੇ ਹਾਰੀਏ ਆਖਕੀ ਆਹਿਨੀ ਹੈਂ ॥ ਭਲਿਆਂ ਨਾਲ ਤੂੰ ਬੁਰੀ ਕਿਉਂ ਹੋਵਨੀ ਹੈਂ ਕੋਈ ਬੁਰਾ ਹੀ ਭਾਵਨਾਂ ਚਾਹੁੰਨੀ ਹੈਂ ॥ ਅਸਾਂ ਭੁੱਖਿਆਂਆਨ ਸਵਾਲਕੀਤਾਕੇਹੀਗ਼ੈਬਦੀਆਂ ਰਿੱਕਤਾਂ ਡਾਹਿਨੀਹੈਂ ॥ ਵਿੱਚੋਂ ਪੱਕੀਏ ਛੈਲ ਉਹੱਕੀਏ ਨੀਰਾਹ ਜਾਂਦੜੇ ਮਿਰਗਫਸਾਉਨੀ ਹੈਂ॥ਗੱਲ ਹੋਇ ਚੁੱਕੀ ਫੇਰ ਛੇੜਨੀਹੈਂ ਹਰੀਸ਼ਾਖਨੂੰ ਫੇਰ ਮੁੜ ਛਾਹਿਨੀ ਹੈਂ ॥ ਕੇਹਾਨਾਲ ਪ੍ਰਦੇਸੀਆਂ ਵੈਰ ਚਾਇਆ ਖ਼ਬਰ

ਹਾਰੀਏ ਆਖ ਕੀ ਆਹਿਨੀ ਹੈਂ ॥ ਰਾਹ ਜਾਂਦੜੇ ਫ਼ਕਰ ਨੂੰ ਛੇੜਨੀ ਹੈਂ ਆਇਨਹਿਰੀਏ ਸਿੰਙੀ ਕਿਉਂ ਡਾਹਿਨੀ ਹੈਂ॥ ਘਰ ਪੇਈਏ ਦ੍ਰੋਹੀਆਂ ਫਿਰੀਆਂ ਨੀ ਫਗੀ ਵੇਹੜੀ ਵਾਂਗ ਕੀ ਵੇਹਨੀ ਹੈਂ॥ ਆਉ ਵਾਸਤਾਈ ਨੈਨਾਂ ਗੁੰਡਿਆਂ ਦਾ ਇਹੋ ਗੱਲ ਪਿਛੋਂ ਕਿਵੇਂ ਲਾਹਨੀ ਹੈਂ॥ ਦਰੀਯਾਉ ਵਿੱਚ ਖੇਡ ਸ਼ਿਕਾਰ ਮੋਈਏ ਕੇਹੀਆਂ ਮੂਤ ਵਿਚ ਮਛੀਆਂ ਫਾਹਨੀ ਹੈਂ॥ ਵਾਰਸਸ਼ਾਹ ਫ਼ਕੀਰ ਨੂੰ ਛੇੜਨੀ ਹੈਂ ਅੱਖੀਂ ਨਾਲ ਕਿਉਂ ਖੱਖਰਾਂ ਲਾਹੁਨੀ ਹੈਂ॥

॥ ਕਲਾਮ ਸਹਿਤੀ ॥

ਅਨੀ ਸੁਣੋ ਭੈਣੋ ਕੋਈ ਚੱਠ ਜੋਗੀ ਵਡੀ ਜੂਠ ਭੇੜਾ ਕਿਸੇ ਥਾਉਂ ਦਾਏ॥ ਝਗੜੈਲ ਮੁਸ਼ਟੰਡੜਾ ਕੈਂਧਰੋਬਰ ਠਿੱਘੜ ਡੂਮ ਏਹ ਕਿਸੇ ਗਿਰਾਉ ਦਾਏ॥ ਝਗੜੇ ਬਾਜ਼ ਮੁਸ਼ਟੰਡੜਾ ਵਡਾ ਲੂਆ ਇਕੇ ਚੂਹੜਾ ਕਿਸੇ ਗਿਰਾਉਂ ਦਾਏ॥ ਪਰਦੇਸੀਆਂ ਦੀ ਨਾਹੀਂ ਡੌਲ ਇਸ ਦੀ ਵਾਕਫ਼ ਕੀਕੂੰ ਏਹ ਹੀਰ ਦੇ ਨਾਉਂ ਦਾਏ॥ ਭਾਵੇਂ ਚਾਕ ਸਿਆਲਾਂ ਦਾ ਹੋਇ ਜੋਗੀ ਆਇ ਵਿਚ ਵੇਹੜੇ ਦਾਉ ਲਾਉਂਦਾਏ॥ ਗੱਲ ਆਖਕੇ ਹੱਥਾਂ ਤੇ ਪਵੇ ਮੁੱਕਰ ਆਪੇ ਲਾਇਕੇ ਆਪ ਛੁੜਾਉਂਦਾਏ॥ ਹੁਣੇ ਭੰਨਕੇ ਖੱਪਰੀ ਤੋੜ ਸੇਲੀ ਨਾਲ ਜਟਾਂ ਦੇ ਜੂਟ ਖੁਹਾਉਂਦਾਏ॥ ਜੇ ਮੈਂ ਉਠਕੇ ਪਾਣਪਤ ਲਾਹ ਸੁਟਾਂ ਏਹ ਪੈਂਡਨਾ ਕਿਸੇ ਗਿਰਾਉਂ ਦਾਏ॥ ਕੋਈ ਡੂਮ ਮੋਚੀ ਅਕੇ ਭੰਡ ਕੰਜਰ ਇਕੇ ਚੂਹੜਾ ਕਿਸੇ ਉਮਰਾਉ ਦਾਏ॥ ਵਾਰਸਸ਼ਾਹ ਮੀਆਂ ਵਾਹ ਲਾਇ ਰਹੀਏ ਏਹ ਤਾਂ ਚੱਲਿਉਂ

ਬਾਜ਼ ਨਾ ਆਉਂਦਾਏ ॥

॥ ਕਲਾਮ ਜੋਗੀ ॥

ਪਕੜ ਢਾਲ ਤਲਵਾਰ ਕਿਉਂ ਗਿਰਦਹੋਈਓਂ ਮੱਥਾ ਮੁੰਨੀਏ ਕੜਮੀਏ ਭਾਗੀਏ ਨੀ ॥ ਖਚਰਹਾਰੀਏ ਡਾਰੀਏ ਲੰਗਬਾਜ਼ੇ ਛਿਬਰ ਨੱਕੀਏ ਬੂਰੇ ਕਿਉਂ ਲਾਗੀਏ ਨੀ ॥ ਫਸਾਦ ਦੀ ਫ਼ੌਜ ਦੀਏ ਪੇਸ਼ਵਾਏ ਤੇ ਸ਼ੈਤਾਂਨ ਦੇ ਲੱਕ ਤੜਾਗੀਏ ਨੀ ॥ ਅਸੀ ਜੱਟੀਏ ਨਾਲ ਜੇ ਕਰਾਂ ਝੇੜੇ ਐਡੇ ਕੁਫ਼ਰ ਦੇ ਦੁਖ ਕਿਉਂ ਝਾਗੀਏਨੀ॥ਮੱਥਾਡਾਹਨਾਹੀਂ ਆਉ ਛਡ ਖਹਿੜਾ ਭੈਨੇਜਾਂਦੇ ਦੇ ਮਗਰ ਕਿਉਂ ਲਾਗੀਏਨੀ ॥ ਵਾਰਸਸ਼ਾਹ ਫ਼ਕੀਰ ਦੇਪੈਰ ਫੜੀਏ ਦਿਲੋਂ ਗਰਬ ਹੰਕਾਰ ਤਿਆਗੀਏ ਨੀ ॥

॥ ਕਲਾਮ ਸਹਿਤੀ ॥

ਚੱਕੀਹਾਨਿਆਂਵਿੱਚਵਿਚਾਰਪਉਂਦੀ ਏਹਧੂੰਮਤੇਦੂਰ ਤੇਭੱਠ ਹੈਨੀ॥ਕਮਜ਼ਾਤਕੁਪੱਤੜਾਵੇਢਮੇਢਾਛਿਬੀਪੂਰੇਦੇਨਾਲਦੀਹੱਠ ਹੈਨੀ॥ ਭੈੜਾ ਕਾਰ ਝੂਠਾ ਠਗ ਆਦਮੀ ਜੇ ਜੇਹਾਂ ਰੰਨਘਰੋਲੀ ਦਾ ਹੱਠ ਹੈਨੀ ॥ ਮੰਗ ਖਾਣ ਹਰਾਮਮੁਸ਼ਟੰਡਿਆਂਨੂੰ ਛੱਤਸਾਰ ਅਠਧਾਤ ਦੀ ਲੱਠ ਹੈ ਨੀ ॥ ਮੁਸ਼ਟੰਡੜੇ ਤੁਰਤ ਪਛਾਣ ਲਈਏਕੰਮ ਡਾਹ ਦੇਖ ਏਹ ਭੀ ਜੱਟ ਹੈਨੀ ॥ ਏਹ ਤ੍ਰਾਂ ਜੱਟ ਹੈ ਝਗੜੇ ਪੱਟ ਹੈ ਨੀ ਇਹ ਚੌਧਰੀ ਚੌੜ ਚੌਪੱਟ ਹੈ ਨੀ ॥ ਗੱਦੋਂ ਲੱਦਣੇ ਏਸਦਾ ਫ਼ੈਦ ਹੈਨੀ ਭਾਂਵੇਂ ਵੇਲਣੇ ਦੀ ਏਹਲੱਠ ਹੈਨੀ ॥ ਵਾਰਸਸ਼ਾਹ ਨਾ ਏਸਦਾ ਰਸਾ ਮਿੱਠਾ ਏਹਤਾਂ ਕਾਠੇ

ਕੁਮਾਦ ਦੀ ਗੱਠ ਹੈ ਨੀ ॥

॥ ਕਲਾਮ ਵੇਹੜੇ ਵਾਲੀਆਂ ॥

ਵੇਹੜੇ ਵਾਲੀਆਂ ਦਾਨੀਆਂ ਆਇ ਖੜੀਆਂ ਕਿਉਂ ਬੋਲਦੀਆਂ ਭੂਸੀਂ ਨਿਮਾਨੜੇ ਨੀ ॥ ਕੁੜੀਓ ਕਾਸਤੋਂ ਖਿਝਦੀਆਂ ਨਾਲ ਫ਼ਕਰਾਂ ਏਹ ਜੰਗਲੀ ਖਰੇ ਨਿਮਾਨੜੇ ਨੀ ॥ ਮੰਗ ਖਾਇਕੇ ਸਦਾ ਉਦਾਸ ਰਹਿੰਦੇ ਤੰਬੂ ਆਸਦੇ ਏਹ ਨ ਤਾਨਦੇ ਨੀ ॥ ਯਾਦ ਜਾਣਦੇ ਰੱਬਦੀ ਆਸ ਵਾਲੀ ਏਡੇ ਝੱਗੜੇ ਏਹ ਨ ਜਾਣਦੇ ਨੀ ॥ ਸਦਾ ਰਹਿਣ ਉਦਾਸ ਨਿਰਾਸ ਹੋਏ ਬਿਰਛਾਂ ਹੇਠ ਸਿਆਲਾਂ ਨੂੰ ਮਾਨਦੇ ਨੀ ॥ ਵਾਰਸਸ਼ਾਹ ਪਰ ਅਸਾਂ ਮਾਲੂਮ ਕੀਤੇ ਜੱਟੀ ਜੋਗੀ ਦੋਵੇਂ ਇਕੋ ਹਾਣਦੇ ਨੀ ॥ ਨੈਣ ਹੀਰ ਦੇ ਦੇਖਕੇ ਆਹ ਭਰਦੇ ਜਿਉਂ ਕਬੂਤਰ ਅਖੀਆਂ ਮੀਟਦੇ ਨੀ ॥ ਜਿਵੇਂ ਖਸਮ ਕਪੱਤੜਾ ਮਰਦ ਹੋਵੇ ਕੀਤੀ ਗੱਲ ਨੂੰ ਪਿਆ ਘਸੀਟਦੇ ਨੀ ॥ ਰੰਨਾਂ ਗੁੱਡੀਆਂ ਵਾਂਗ ਫਰੇਬ ਕਰਦਾ ਤੋੜਨਹਾਰ ਜੋ ਲਗੜੀ ਪ੍ਰੀਤ ਦੇ ਨੀ ॥ ਘੁੱਤ ਘਾਗਰੀ ਬੂਹੇ ਤੇ ਲੜੇ ਬਹਿਕੇ ਜਿਵੇਂ ਕਾਜ਼ੀੜੇ ਏਹ ਮਸੀਤ ਦੇ ਨੀ ॥ ਭੂੰਵੀ ਵੱਖੀਆਂ ਦੇ ਵਿਚ ਦੱਬ ਲੈਂਦਾ ਪਿਛੋਂ ਆਪਣੀ ਵਾਰ ਏਹ ਚੀਕਦਾ ਨੀ ॥ ਇਕੇ ਖ਼ੈਰ ਹਥ ਏਹ ਨਹੀਂ ਰਾਵਲ ਏਹ ਚੇਲੜਾ ਕਿਸੇ ਪਲੀਤ ਦਾ ਨੀ ॥ ਨਾ ਏਹ ਜਿੰਨ ਤੇ ਨਾ ਏਹ ਭੂਤ ਬਾਂਦਰ ਏਹ ਨਾ ਚੇਲੜਾ ਕਿਸੇ ਅਤੀਤ ਦਾ ਨੀ ॥ ਵਾਰਸਸ਼ਾਹ ਪ੍ਰੇਮ ਦੀ ਜ਼ੀਲ ਨਿਆਰੀ ਨਿਆਰਾ ਅੰਤਰਾ ਏਸ ਦੇ ਗੀਤ ਦਾ ਨੀ ॥

॥ ਕਲਾਮ ਸ਼ਾਇਰ ॥

ਏਹ ਮਿਸਲ ਮਸ਼ਹੂਰ ਹੈ ਜੱਗ ਸਾਰੇ ਕਰਮ ਰੱਬਦੇ ਜੇਡ ਨਾ ਮਿਹਰਹੈ ਨੀ॥ ਹੁਨਰ ਝੂਠ ਕਮਾਨ ਲਾਹੌਰ ਜੇਹੀ ਤੇ ਕਾਨੂੰਨ ਦੇ ਜੇਡ ਨਾ ਸਿਹਰਹੈ ਨੀ ॥ ਚੁਗ਼ਲੀਨਹੀਂ ਦਪਾਲਪੁਰ ਕੋਟ ਜੇਹੀਨਮੂਰਦਵੀਆਂ ਬੇ ਮਹਰਹੈਨੀ॥ ਨਕਸ਼ ਚੀਨਤੋਂ ਮੁਸ਼ਕ ਨਾਖਤਨ ਜੇਹਾ ਖੂਸਫ਼ ਜੇਡ ਨਾ ਕਿਸੇਦਾ ਚਿਹਰਹੈਨੀ॥ਮੈਂ ਤਾਂ ਤੋੜ ਅਠਧਾਂਤ ਦੀ ਲੱਠ ਸੁੱਟਾਂ ਤੈਨੂੰ ਦਸਖਾਂ ਕਿਸਦੀਮਿਹਰ ਹੈ ਨੀ ॥ ਬਾਤ ਬਾਤ ਤੇਰੀ ਵਿਚ ਪਵਨ ਕਾਮਨ ਵਾਰਸਸ਼ਾਹ ਦਾ ਜ਼ਿਹਰ ਵੀ ਸਿਹਰ ਹੈ ਨੀ ॥

॥ ਕਲਾਮ ਜੋਗੀ ॥

ਕੋਈ ਅਸਾਂ ਜੇਹਾ ਵਲੀ ਸਿਧ ਨਹੀਂ ਜ਼ਾਹਰਾ ਆਂਵਦਾ ਨਜ਼ਰ ਜ਼ਹੂਰ ਜੇਹਾ ॥ ਦਸਤਾਰ ਬਗਵਾੜ ਦੀ ਖ਼ੂਬ ਹੋਵੇ ਅਤੇ ਬਾ-ਛੜਾ ਨਹੀਂ ਕਸੂਰ ਜੇਹਾ ॥ ਸਿੰਘਾਂ ਜੇਡ ਨਾ ਫਤੇ ਦਾ ਹੁਕਮ ਕਿਸਥੇ ਕੋਈ ਨਹੀਂ ਮਕਾਨ ਲਾਹੌਰ ਜੇਹਾ ॥ ਪਸ਼ਮੀਨਾ ਕਸ਼ਮੀਰ ਦਾ ਬਹੁਤ ਚੰਗਾ ਅਤੇ ਚਾਨਣਾ ਚੰਦਦੇ ਨੂਰਜੇਹਾ ॥ ਅਗੇ ਨਜ਼ਰਦੇ ਮਜ਼ਾ ਮਾਸ਼ੂਕਦਾਈ ਅਤੇਢੋਲ ਨਾ ਸੋਹਿੰਦਾ ਦੂਰ ਜੇਹਾ ॥ ਇਕੋ ਰੰਨ ਕੁਲੱਛਣੀ ਤ੍ਰਧ ਜੇਹੀ ਨਹੀਂ ਜ਼ਲ-ਜ਼ਲਾ ਹਸ਼ਰ ਦੇ ਸੂਰ ਜੇਹਾ ॥ ਅਤੇ ਝੂਠ ਜੇਹਾ ਕੋਈ ਐਬ ਨਾਹੀਂ ਅਤੇ ਬੁਰਾ ਨਾ ਕੋਈ ਗਰੂਰ ਜੇਹਾ ॥ ਸਹਿਤੀ ਜੇਡ ਨਾ ਹੋਰ ਬਦਫ਼ੈਲ ਕੋਈ ਅਤੇ ਸੋਹਣਾ ਹੋਰ ਨ ਹੂਰ ਜੇਹਾ ॥

ਖੇੜਿਆਂ ਜੇਡ ਨਾ ਨੇਕ ਨਸੀਬ ਕੋਈ ਅਤੇ ਥਾਂਉਂ ਨਾ ਬੈਤ-
ਲ ਮਾਮੂਰ ਜੇਹਾ ॥ਸਹਿਜ ਵਸਦਿਆਂ ਜੇਡਾ ਨਾ ਭਲਾ ਕੋਈ
ਬੁਰਾ ਨਹੀਂ ਜੇ ਕੋਈ ਫ਼ਤੂਰ ਜੇਹਾ ॥ ਹਿੰਗ ਜੇਡ ਨਾ ਹੋਰ
ਬਦਬੋਈ ਕੋਈ ਬਾਸਦਾਰ ਨਾ ਹੋਰ ਕਚੂਰ ਜੇਹਾ ॥
ਵਾਰਸਸ਼ਾਹ ਜਿਹਾ ਗੁਨਹਗਾਰ ਨਹੀਂ ਕੋਈ ਥਾਉਂ ਨਾਗਰਮ
ਤੰਦੂਰ ਜੇਹਾ ॥

॥ ਕਲਾਮ ਸਹਿਤੀ ॥

ਜੋਗੀਹੋਇਕੇ ਮੁਲਖਨੂੰ ਠੱਗ ਖਾਹਦੋ ਵੱਟੇ ਘੁਟ ਨੰਗੀ ਪਸ਼ਮ
ਪਾਗਹੈਵੇ ॥ ਜੋਗ ਦੱਸਖਾਂਕਿਧਰੋਂ ਹੋਇਆਪੈਦਾ ਕਿਥੋਂ ਹੋਯਾ
ਸੰਨਯਾਸਵੈਰਾਗਹੈਵੇ॥ ਸੇਲੀ ਖੱਪਰੀ ਨਾਦ ਕਿਸ ਕੱਢਿਆਈ
ਕਿਥੋਂ ਬੱਧੀਹੈ ਜਟਾਂ ਦੀ ਪਾਗ ਹੈ ਵੇ ॥ ਕੇਹੜੇ ਰਾਹਨੀ ਜੋਗ
ਦੇ ਦਸਖਾਂ ਵੇ ਕਿਥੋਂ ਨਿਕਲਿਆ ਜੋਗਦਾ ਰਾਹਹੈ ਵੇ॥ ਕਿਤਨੇ
ਗੁਰੂਨੀ ਜੋਗ ਦੇ ਦਸਖਾਂ ਵੇ ਕੌਨ ਬਹਿੰਦਾਹੈ ਜੋਗਦੇ ਬਾਗ਼ਹੈ
ਵੇ ॥ ਵਾਰਸ ਸ਼ਾਹ ਭਬੂਤ ਕਿਸ ਕੱਢੀਆਈ ਕਿਥੋਂ ਨਿਕਲੀ
ਪੂਜਨੀ ਆਗ ਹੈ ਵੇ ॥

॥ ਕਲਾਮ ਜੋਗੀ ॥

ਮਹਾਂਦੇਵਵਦੇਪੰਥਤੋਂ ਜੋਗਬਨਿਆਂਦੇਵਦੱਤ ਹੈ ਗੁਰੂਸਨਯਾਸੀਆਂ
ਦਾ॥ਰਾਮਾਨੰਦ ਥੋਂ ਜੋਗਬੈਰਾਗਹੋਇਆ ਨਾਨਕ ਸ਼ਾਹਹੈਗੁਰੂ
ਉਦਾਸੀਆਂ ਦਾ ॥ ਬ੍ਰਹਮਾ ਬ੍ਰਾਹਮਣਾ ਦਾ ਰਾਮ ਹਿੰਦੂਆਂਦਾ
ਅਤੇ ਬਿਸ਼ਨਮਹੇਸ਼ ਸਬਰਾਸੀਆਂਦਾ॥ ਸੁਥਰਾ ਸਥਰਿਆਂਦਾ

ਗੁਰੂ ਆਖਦੇ ਨੀ ਪ੍ਰੇਮ ਜੋਤ ਹੈ ਗੁਰੂ ਉਪਾਸੀਆਂ ਦਾ॥ ਸ਼ੇਖ਼
ਸੱਯਦ ਜਲਾਲ ਜਲਾਲੀਆਂ ਦਾ ਵੈਸ ਵਰਨ ਹੈ ਗੁਰੂ ਖ਼ੂਬ ਪਾਸੀਆਂ
ਦਾ ॥ ਜਿਵੇਂ ਸ਼ਾਹ ਮਦਾਰ ਮਦਾਰੀਆਂ ਦਾ ਅਤੇ ਇਨਤਸਾਰ
ਇਨਤਸਾਰੀਆਂ ਦਾ ॥ ਜਿਉਂ ਵਸਿਸ਼ਟ ਨਿਰਬਾਣ ਬੈਰਾਗੀਆਂ
ਦਾ ਸ੍ਰੀ ਕ੍ਰਿਸ਼ਨ ਭਗਵਾਨ ਉਪਾਸੀਆਂ ਦਾ ॥ ਹਾਦੀ ਨੌਸ਼ਾਹ
ਜਿਵੇਂ ਨੌਸ਼ਾਹੀਆਂ ਦਾ ਤੇ ਭਗਤ ਕਬੀਰ ਜੁਲਾਸੀਆਂ ਦਾ॥ ਦਸ-
ਤਗੀਰ ਦਾ ਸਿਲਸਿਲਾ ਕਾਦਰੀ ਹੈ ਤੇ ਫ਼ਰੀਦ ਹੈ ਚਿਸ਼ਤ ਅਬਾ
ਸੀਆਂ ਦਾ ॥ ਜਿਹਾ ਸ਼ੇਖ ਵੀਹਰ ਪੀਰ ਮੋਚੀਆਂ ਦਾ ਸ਼ਮਸ ਪੀਰ
ਸੁਨਿਆਰੀਆਂ ਚਾਸੀਆਂ ਦਾ ॥ ਨਾਮਦੇਵ ਹੈ ਗੁਰੂ ਜੋ ਛੀਂਬਿਆਂ
ਦਾ ਤੇ ਲੁਕਮਾਨ ਲੁਹਾਰ ਖਰਾਸੀਆਂ ਦਾ ॥ ਖ਼ੁਆਜ਼ਾ ਖ਼ਿਜ਼ਰ
ਹੈ ਪੀਰ ਮੁਹਾਣਿਆਂ ਦਾ ਨਕਸ਼ੇਬੰਦ ਮੁਗ਼ਲਾਂ ਤੋਰਤਾਸੀਆਂ
ਦਾ ॥ ਸਰਵਰ ਸਖੀ ਹੈ ਪੀਰ ਭਰਾਈਆਂ ਦਾ ਲਾਲਬੇਗ਼
ਹੈ ਚੂਹੜਿਆਂ ਖਾਸੀਆਂ ਦਾ ॥ ਨਲ ਰਾਜਾ ਹੈ ਗੁਰੂ ਜੁਆਰੀਆਂ
ਦਾ ਸ਼ਾਹ ਸ਼ਮਸ ਹੈ ਨਿਆਰੀਆਂ ਰਾਸੀਆਂ ਦਾ ॥ ਹਜ਼ਰਤ ਸ਼ੀਸ਼
ਹੈ ਪੀਰ ਜੁਲਾਹਿਆਂ ਦਾ ਤੇ ਸ਼ੈਤਾਨ ਹੈ ਪੀਰ ਮਿਰਾਸੀਆਂ
ਦਾ ॥ ਜਿਵੇਂ ਹਾਜੀ ਗਿਲਗੋਇ ਘੁਮਿਆਰ ਮੱਨਣ ਸ਼ਾਹ
ਅਲੀ ਜਿਉਂ ਰਾਵਜੀ ਰਾਸੀਆਂ ਦਾ ॥ ਇਸ਼ਕ ਪੀਰ ਹੈ ਆ-
ਸ਼ਕਾਂ ਸਾਰਿਆਂ ਦਾ ਭੁਖ ਪੀਰ ਹੈ ਮਸਤਿਆਂ ਪਿਆਸਿਆਂ ਦਾ
॥ ਹੱਸੂ ਪੀਰ ਜਿਉਂ ਤੇਲੀ ਹੈ ਤੇਲੀਆਂ ਦਾ ਸੁਲੇਮਾਨ ਹੈ ਜਿੰਨ
... ਹੈ ...ਆਂ ਭਿਗੜਿਆਂ

ਦਾ ਤੇ ਦਾਊਦ ਹੈ ਜ਼ਰੀ ਨਿਵਾਸੀਆਂ ਦਾ॥ਸੈਨ ਭਗਤ ਹੈ ਗੁਰੂ ਨਾਈਆਂ ਦਾ ਰੰਗਰੇਜ਼ ਲਲਾਰ ਦਤ੍ਰਾਸੀਆਂ ਦਾ ॥ ਵਾਰਸ ਸ਼ਾਹ ਜਿਉਂ ਰਾਮ ਹੈ ਹਿੰਦੂਆਂ ਦਾ ਤੇ ਰਹਿਮਾਨ ਹੈ ਮੋਮਨਾ ਖਾਸੀਆਂ ਦਾ॥

॥ ਕਲਾਮ ਸਹਿਤੀ ॥

ਮੀਂਹ ਵੁਠਿਆ ਫਿਰਦਾ ਹੈ ਜੱਗ ਉੱਤੇ ਜਿਨਾਂ ਭੌਨ ਤੇ ਕੁਲ ਬਹਾਰ ਹੈ ਵੇ॥ ਇਨ੍ਹਾਂ ਫਿਰਨ ਜ਼ਰੂਰ ਹੈ ਵਿਨੇ ਰਾਤੀ ਧੁਰੋਂ ।ਫਿਰਨ ਇਨਾਂ ਦੜੀ ਕਾਰ ਹੈ ਵੇ॥ਸੂਰਜ ਚੰਦ ਘੋੜਾ ਅਤੇ ਨਜ਼ਰ ਚਕਲਾ ਏਵੇਂ ਸ਼ੇਰ ਪਾਨੀ ਵਨਜਾਰ ਹੈ ਵੇ ॥ ਤਾਨਾ ਤਨਣ ਵਾਲੀ ਇੱਲਾਂ ਗਧਾ ਕੁੱਤਾ ਤੀਰ ਛੱਜ ਦੇ ਛੇਕ ਰਾਧਾਰ ਹੈ ਵੇ ॥ ਟੋਪਾ ਛਾਨਨੀ ਤੱਕੜੀ ਤੇਗ਼ ਮਰਕਬ ਗਲਾ ਤਕਲਾ ਫਿਰਨ ਵਾਪਾਰ ਹੈ ਵੇ॥ ਬਿੱਲੀ ਰੰਨ ਫ਼ਕੀਰ ਤੇ ਅੱਗ ਬਾਂਦੀ ਤਿਨਾਂ ਫਿਰਨ ਘਰੋ ਘਰੀ ਕਾਰ ਹੈ ਵੇ ॥ ਏਨਾਂ ਅਠਾਈਆਂ ਵਿੱਚੋਂ ਤੂੰ ਨਹੀਂ ਕੋਈ ਤੇਰਾ ਲੜਨ ਤੇ ਭਿੜਨ ਰੁਜ਼ਗਾਰ ਹੀ ਵੇ॥ਵਾਰਸ ਸ਼ਾਹ ਜੇਹੇ ਭੇਖੀ ਲੱਖ ਫਿਰਦੇ ਸਬਰ ਫ਼ਕਰ ਦਾ ਕੌਲ ਕਰਾਰ ਹੈ ਵੇ ॥

॥ ਕਲਾਮ ਜੋਗੀ ॥

ਫਿਰਨ ਬੁਰਾ ਹੈ ਜੱਗ ਤੇ ਇਨ੍ਹਾਂ ਤਾਈਂ ਏਹ ਫਿਰਨ ਤੇ ਮੁਕਦੇ ਮੂਲ ਨਾਂਹੀਂ॥ ਫਿਰੇ ਕੌਲ ਜ਼ੁਬਾਨ ਜ਼੍ਹਾਨ ਰਣਖੀਂ ਸਤਰ ਨਾਰ ਘਰ ਛੋਡ ਮਾਕੂਲ ਨਾਹੀਂ॥ਰਜ਼ਾਇ ਅੱਲਹ ਦੀ ਹੁਕਮ ਕਤਈ ਹੈ ਨੀ ਕੁਹ ਕਾਬਾ ਤੇ ਬੈਤਲ ਮਾਮੂਲ ਨਾਹੀਂ ॥ ਰੰਨ ਆਈ ਫਰਾਕ ਤੇ ਫਿਹਰਕੇ ਫ਼ਕਰ ਆਏ ਤਾਂ ਕਹਿਰ ਕਲੂਰ ਨਾਹੀਂ॥

ਪੈਗ਼ੰਬਰੀ ਵਕਤ ਤੇ ਹੁਕਮ ਸ਼ਾਹਾਂ ਧਰਵੈਲ ਨੂੰ ਆਕਲੀ ਮੂਲ ਨਾਹੀਂ॥ਹੁਕਮ ਨਾਲ ਹਦੀਸਦੇ ਹੋਵਨੀ ਹੈ ਸੈਦਾ ਦੂਰ ਦਾ ਸਾਈਆਂ ਭੂਲ ਨਾਹੀਂ॥ਜ਼ਿਮੀਦਾਰ ਕਣਕੀੜਿਆਂ ਖ਼ੁਸ਼ੀ ਨਾਹੀਂ ਅਤੇ ਅਹਮਕ ਕਦੇ ਮਾਕੂਲ ਨਾਹੀਂ॥ਵਾਰਸ ਸ਼ਾਹ ਦੀ ਬੰਦਗੀ ਨਾਲ ਖਾਂ ਮਨ ਲਾਇਕੇ ਇਕ ਕਬੂਲ ਨਾਹੀਂ।

॥ ਕਲਾਮ ਸਹਿਤੀ ॥

ਅਦਲ ਬਿਨਾਂ ਸਰਦਾਰ ਜਿਉਂ ਰੁਖ ਅੱਫਲ ਹੈਨ ਕੱਵਣੀਜੋ ਵਫ਼ਾਦਾਰ ਨਾਹੀਂ॥ਨਾਜ਼ ਬਿਨਾਂ ਹੈ ਕੰਜਰੀ ਬਾਂਝ ਜੇਹੀ ਕਾਧਾ ਮਰਦ ਜੋ ਅਕਲ ਦਾ ਯਾਰ ਨਾਹੀਂ॥ ਬਿਨਾਂ ਅਦਬ ਇੱਜ਼ਤ ਨਾਇਨਸਾਨ ਜਾਪੇ ਬਿਨਾ ਆਬਤੋਂ ਤੇਜ਼ ਤਲਵਾਰ ਨਾਹੀਂ॥ ਬਿਨਾ ਜ਼ੋਰ ਦੇ ਜੁਆਨ ਬਿਨ ਹੁਸਨ ਦਿਲਬਰ ਲੂਨ ਬਾਝ ਤਾਂ ਤੁਆਮ ਸਵਾਦ ਨਾਹੀਂ॥ਸਬਰ ਜਿਗਰ ਤੇ ਬੰਦਗੀ ਬਾਝ ਜੋਗੀ ਦੰਮ ਬਾਝ ਜੋ ਸ਼ਾਹ ਬਿਪਾਰ ਨਾਹੀਂ॥ਸ਼ਰਮ ਬਾਝ ਮੁੱਛਾਂ ਬਿਨਾਂ ਅਮਲ ਦਾੜ੍ਹੀ ਤਲਬ ਬਾਝ ਫ਼ੌਜਾਂ ਭਰਮਮਾਰ ਨਾਹੀਂ॥ ਅਕਲ ਬਾਝ ਵਜ਼ੀਰ ਅਲਵਾਤ ਮੋਮਨ ਬਿਨ ਦੀਵਾਨ ਹਿਸਾਬ ਸ਼ੁਮਾਰ ਨਾਹੀਂ॥ਵਾਰਸ ਰੰਨ ਫ਼ਕੀਰ ਤਲਵਾਰ ਘੋੜਾ ਚਾਰੇ ਥੋਕ ਏਹ ਕਿਸੇ ਦੇ ਯਾਰ ਨਾਹੀਂ॥

॥ ਕਲਾਮ ਜੋਗੀ ॥

ਮਰਦ ਕਰਮਾਂ ਦੇ ਨੇਕਹ ਸਹਿਤੀਏ ਨੀ ਰੰਨਾਂ ਦੁਸ਼ਮਨਾਂ ਨੇਕ ਕਮਾਈਆਂ ਦੀਆਂ॥ ਤੁਸੀ ਏਸ ਜਹਾਨ ਵਿਚ ਹੋਇ ਰਹੀਆਂ

ਪੰਜ ਸੇਰੀਆਂ ਘੱਟ ਧੜਵਾਈਆਂ ਦੀਆਂ ॥ ਮਰਦ ਭਰੇ ਜਹਾਜ਼ ਹੈਂ ਨੇਕੀਆਂ ਦੇ ਰੰਨਾਂ ਬੇੜੀਆਂ ਹਨ ਬੁਰਿਆਈਆਂ ਦੀਆਂ ॥ ਮਾਈ ਬਾਪਦੇ ਨਾਮਨੂੰ ਗਾਇ ਡੋਬਨ ਪੱਤਾਂ ਲਾਹ ਸੁੱਟਨ ਸੱਕੇ ਭਾਈਆਂ ਦੀਆਂ ॥ ਹੱਡ ਮਾਸ ਹਲਾਲ ਹਰਾਮ ਕੱਪਨ ਏਹ ਕੁਹਾੜੀਆਂ ਹੈਨ ਕਸਾਈਆਂ ਦੀਆਂ ॥ ਲਾਖ ਲੈਂਦਿਆਂ ਸਾਫ਼ ਕਰ ਦੇਨ ਦਾੜ੍ਹੀ ਜਿਵੇਂ ਕੈਂਚੀਆਂ ਐਹਮਕਾਂ ਨਾਈਆਂ ਦੀਆਂ ॥ ਸਿਰ ਜਾਏ ਨਾ ਯਾਰ ਦਾ ਸਿਰਫ਼ ਜਾਏ ਸ਼ਰਮ ਰੱਖੀਏ ਅੱਖੀਆਂ ਲਾਈਆਂ ਦੀਆਂ ॥ ਨੀ ਤੂੰ ਕੇਹੜੀ ਗੱਲ ਤੇ ਐਡ ਸੂਕੇਂ ਗੱਲਾਂ ਦੱਸਖਾਂਪੂਰੀਆਂ ਪਾਈਆਂਦੀਆਂ॥ ਆਦਾ ਨਾਲ ਫ਼ਕੀਰ ਦੇ ਲਾਂਦੀਆਂ ਨੇ ਖੂਬੀਆਂ ਦੇਖਨਿਟਾਨ ਭਰਜਾਈਆਂ ਦੀਆਂ ॥ ਵਾਰਸਸ਼ਾਹ ਤੇਰੇ ਮੂੰਹ ਨਾਲ ਮਾਰਾਂ ਪੰਡਾਂ ਬੰਨ੍ਹਕੇ ਸਭ ਬੁਰਿਆਈਆਂ ਦੀਆਂ ॥

॥ ਕਲਾਮ ਸਹਿਤੀ ॥

ਰੀਸ ਜੋਗੀਆਂ ਦੀ ਤੈਥੋਂ ਨਹੀਂ ਹੁੰਦੀ ਹੁਸਾਂ ਕੇਹੀਆਂ ਜਟਾਂ ਰਖਾਈਆਂਦੀਆਂ॥ ਬੇਸ਼ਰਮਦੀ ਮੁੱਛਜਿਉਂ ਪੂਛ ਭੇਡੂ ਜਿਵੇਂ ਮੁੰਜਰਾਂ ਬੇਟਦੇ ਧਾਈਆਂ ਦੀਆਂ ॥ ਤਾਨ ਸੈਨ ਜੇਹਾ ਰਾਗ ਨਹੀਂ ਹੁੰਦਾ ਸਭਾ ਲੱਖ ਜੇ ਹੋਨ ਭਰਾਈਆਂ ਦੀਆਂ ॥ ਅੱਖੀਂ ਡਿਠੀਆਂਨਹੀਂ ਤੂੰ ਚੋੱਬਰਾਵੇ ਪ੍ਰੇਮ ਮੁਠੀਆਂਬਿਰਹੋਂ ਸਤਾਈਆਂ ਦੀਆਂ ॥ ਸਿਰ ਮੁੰਨ ਦਾੜ੍ਹੀ ਖੇਹ ਲਾਈਆਈ ਰੱਡ ਠਟੀਆਂ ਅੱਛ ਉਚਾਈਆਂਦੀਆਂ॥ਤੇਰੀ ਚਰਾ ਚਰ ਕਰਦੀਏ ਜੀਭ

ਏਵੇਂ ਜਿਵੇਂ ਕਰਦੀਆਂ ਜੁਤੀਆਂ ਸਾਂਈਆਂ ਦੀਆਂ॥ ਫਕਰਨਾਲ
ਬਰਾਬਰੀ ਕਰਨ ਬਤਬੜਨਾ ਏਹਚਾਲੀਆਂ ਭਾਲਿਆਂ ਦੀਆਂ
ਜਾਈਆਂ ਦੀਆਂ ॥ ਨਹੀਂ ਕਾਇਦਾ ਭੂਹੜਾ ਹੋਇਵਾ ਕਫ਼ਖ਼ਬਰਾਂ
ਜਾਨਦੇ ਭੂਹੜੇ ਖਾਈਆਂ ਦੀਆਂ॥ ਚਿੱਤੜ ਸੁਾਹ ਭਰੇ ਵੇਖ
ਮਗਰ ਲਗੋਂ ਜਿਵੇਂ ਕੁੱਤੀਆਂ ਹੋਨ ਕਸਾਈਆਂ ਦੀਆਂ॥ ਨਹੀਂ
ਫਲਨੂੰ ਜਾਣਦੇ ਲੁੱਚ ਗੁੰਡੇ ਬੇਖ਼ਬਰ ਮੂਰਖਾਂ ਨਹੀਂ ਚਤਰਾਈਆਂ
ਦੀਆਂ॥ ਜੇਹੜੀਆਂ ਸੂੰਨ ਉਜਾੜ ਵਿਚ ਵਾਂਗ ਭੇਡਾਂ ਕਦਰਾਂ ਓਹ
ਕੀ ਜਾਨਣ ਦਾਈਆਂ ਦੀਆਂ ॥ ਗਧੇ ਵਾਂਗ ਜੇ ਰੱਜਿਆ ਕਰੇ
ਮਸਤੀ ਸੂੰਘੇ ਸੁੱਥਨਾਂ ਰੰਨਾਂ ਪਰਾਈਆਂ ਦੀਆਂ ॥ ਬਾਬੂ ਨਹੀਂ
ਪੂਰਾ ਕੋਈ ਮਿਲਿਆ ਤੈਨੂੰ ਅਜੇ ਟੋਹੀਆਂ ਬੁਕਲਾਂ ਮਾਈਆਂ
ਦੀਆਂ ॥ ਪੂਛਾਂ ਗਊਆਂ ਦੀਆਂ ਮਹੀਂ ਨੂੰ ਮਲਨਾ ਹੈਂ ਖੁਰੀਆਂ
ਮਹੀਂ ਨੂੰ ਲਾਉਂ ਨਾਏਂ ਗਾਈਆਂ ਦੀਆਂ॥ ਹਾਸਾ ਆਂਵਦਾ ਦੇਖਕੇ
ਸਿਫ਼ਲਿਆ ਵੇ ਗੱਲਾਂ ਤੇਰੀਆਂ ਵੇਖ ਖ਼ਫ਼ਕਾਈਆਂ ਦੀਆਂ॥ ਮੀਆਂ
ਕੌਣ ਛੁਡਾਵਸੀਆ ਤੈਨੂੰ ਧਮਕਾਂ ਪੈਨਗੀਆਂ ਜਦੋਂ ਕੁਟਾਈਆਂ
ਦੀਆਂ ॥ ਚੱਲਾਂ ਆਸ਼ਕਾਂ ਵਾਲੀਆਂ ਨੈਨ ਰਲੀਆਂ ਕੱਚੇ ਘੜੇ ਦੇ
ਵਹਿਣ ਰੁੜ੍ਹਾਈਆਂ ਦੀਆਂ ॥ ਮਿਰਜ਼ਾ ਸਾਹਿਬਾਂ ਬਾਰ ਵਿਚ
ਮਿਲੇ ਦੋਵੇਂ ਧਾਰਾਂ ਇਸ਼ਕ ਦੀਆਂ ਵੇਖ ਚੁੰਘਾਈਆਂ ਦੀਆਂ ॥
ਪਰੀਆਂ ਦੇਵਾਂ ਦੇ ਨਾਲ ਕੀ ਆਖਲਗੇ ਜਿਨਾਂ ਵੱਖੀਆਂ ਭੈਣੀਆਂ
ਭਾਈਆਂ ਦੀਆਂ॥ ਇਹ ਇਸ਼ਕ ਕੀ ਜਾਨਦੇ ਚਾਕ ਬੇਖ਼ਬਰ ਖ-
ਬਰਾਂ ਜਾਨਦੇ ਰੋਟੀਆਂ ਢਾਈਆਂ ਦੀਆਂ॥ ਵਾਰਸ ਸ਼ਾਹ ਨਾ ਬੇਦੀ

 94

ਆਂਜਿਨਾਂਜਾਈਆਂ ਕਦਰਾਂਜਾਣਦੇਕੀ ਜਵਾਈਆਂ ਦੀਆਂ ॥

॥ ਕਲਾਮ ਜੋਗੀ ॥

ਮੈਂ ਤਾਂਸਹਿਤੀਇਛਰਾਂ ਨਾ ਮੂਲ ਤੈਥੋਂ ਤਿੱਖੇ ਦੀਦੜੇ ਤੈਂਡੜੇ ਸਾਰਦੇਨੀ॥ ਹਾਥੀ ਨਹੀਂ ਤਸਵੀਰ ਦਾ ਕਿਲਾ ਢਾਏ ਸ਼ੇਰ ਫੱਦੀਆਂਤੋਂਨਹੀਂ ਹਾਰਦੇਨੀ ॥ ਕਹੇ ਕਾਵਾਂਦੇ ਢੋਰ ਨਾ ਕਦੇ ਮਰਦੇ ਸ਼ਿਰਹਾਥੀਆਂਤੇ ਨਹੀਂ ਹਾਰਦੇਨੀ ॥ਵੱਟਹੈਨ ਲੜਾਈ ਦੇ ਅਸਲ ਢਾਈ ਹੋਰ ਏਵੇਂ ਪਸਾਰ ਪਸਾਰਦੇ ਨੀ ॥ ਇਕੇ ਮਾਰਨਾ ਇਕੇ ਤਾਂ ਆਪ ਮਰਨਾ ਇਕੇਭੱਜਜਾਣਾ ਅੱਗੇ ਸਾਰ ਦੇ ਨੀ ॥ ਹਿੰਮਤ ਸੁਸਤਜੇਹੜੇ ਵੱਡੇਡੀਲ ਭਾਰੇ ਓਹ ਗੱਭਰੂ ਕਿਸੇ ਨਾ ਕਾਰਦੇਨੀ ॥ ਥੈਨੂ ਚੋਰੀਅਨ ਜੰਗਨੂੰ ਢੱਕ ਕਰਕੇ ਸਗੋਂ ਅਗਲਿਆਂਨੂੰ ਪਿੱਛੋਂ ਮਾਰਦੇਨੀ ॥ ਸੜਨ ਕਪੜੇ ਹੋਨ ਤਹਕੀਕ ਕਾਲੇ ਜੇਹੜੇ ਗੋਸਟੀ ਹੋਨ ਲੁਹਾਰਦੇ ਨੀ॥ ਝੂਠ ਮੇਹਣਿਆਂ ਨਾਲਨਾਜੋਗ ਜਾਂਦਾਸੀਗਾਲਗਲੇਨਾ ਨਾਲ ਫੁਹਾਰ ਦੇਨੀ ॥ ਖੈਰਦਿਤਿਆਂਮਾਲਨਾਹੋਇਥੋੜਾਥੋਹਲਥੁੜੇਨਾ ਚੁਗੇ ਗੁਟਾਰਦੇਨੀ॥ਜਦੋਂਰੰਨਨੂੰਜਿੰਨਆਕਰੇਦਖਲਾਝਾੜਾਕਰੀਦਾ ਨਾਲ ਪੈਜ਼ਾਰਦੇਨੀ ॥ ਤੈਂਤਾਂ ਫਿਕਰਕੀਤਾ ਸਾਡੇ ਮਾਰਨੇ ਦਾ ਤੈਨੂੰ ਵੇਖਲੈ ਯਾਰ ਹੁਨ ਮਾਰਦੇਨੀ ॥ ਜੇਹਾਕਰੇ ਕੋਈ ਤੇਹਾ ਪਾਂਵਦਾਈ ਸੱਚੇਬੋਲਹਨ ਪਰਵਰਦਿਗਾਰਦੇਨੀ ॥ ਵਾਰਿਸ਼ਾਹ ਮੀਆਂ ਰਨ ਭੌਂਕਣੀਨੂੰ ਹੁਨ ਫਕਰ ਪਜ਼ਾਰ ਦੀ ਮਾਰਦੇਨੀ ॥

॥ ਕਲਾਮ ਸਹਿਤੀ ॥

ਤੇਰੀਆਂਸੇਲ੍ਹੀਆਂਤੋਂ ਅਸੀਨਹੀਂਡਰਦੇ ਕੋਈਡਰੇਨਾਭੀਲਦੇ
ਸਾਂਗ ਕੋਲੋਂ ॥ ਐਵੇਂ ਮਾਰੀਦਾ ਜਾਏਂਗਾ ਏਸ ਪਿੰਡੋਂ ਜਿਵੇਂ
ਖਿਸਕਦਾਹੈ ਕੁਫ਼ਰ ਬਾਂਗ ਕੋਲੋਂ ॥ ਸਿਰ ਕੱਜ ਕੇ ਟੁਰੇਂਗਾ
ਝੱਲਜੱਟਾ ਜਿਵੇਂ ਸੱਪ ਨੱਠੇ ਉਠਡਾਂਗਕੋਲੋਂ ॥ ਮੇਰੇ ਛਿਠਿਆਂ
ਵੇਖਦੀ ਜਾਨ ਤੇਰੀ ਜਿਵੇਂ ਚੋਰਦੀਜਾਨਝਲਾਂਗਕੋਲੋਂ॥ ਐਵੇਂ
ਖਪਰੀ ਸਿੰਗੀਛੱਡਜਾਏਂਗਾਵੇਜਿਵੇਂਧਾੜਵੀ ਸਰਕਦਾ ਚਾਂਗ
ਕੋਲੋਂ ॥ ਤੇਰੀ ਟੋਟਨੀ ਫਰਕ ਦੀ ਸੱਪ ਵਾਂਗੂੰ ਆਉ ਰੰਨਾਂਦੇ
ਛਰੀਂ ਪਲਾਂਗਕੋਲੋਂ ॥ ਐਵੇਂਖੌਫ਼ਪੈਸੀਤੈਨੂੰਮਾਰਨੇਦਾ ਜਿਵੇਂ
ਧਮਕਾ ਪੈਰ ਡੁਲਾਂਗ ਕੋਲੋਂ ॥ ਵਾਰਸਸ਼ਾਹ ਇਹ ਜੋਗੀੜਾ
ਮੂਇਆ ਜਾਣੇ ਪਾਣੀ ਮੰਗਦੇ ਜਦੋਂ ਪੈੜ ਸਾਂਗ ਕੋਲੋਂ ॥

॥ ਕਲਾਮ ਜੋਗੀ ॥

ਕੇਹੀਆਂ ਆਨ ਪੰਚਾਇਤਾਂ ਜੋੜੀਆਂਨੀਅਸੀ ਰੰਨਾਂਨੂੰਰੇਵੜੀ
ਜਾਣਦੇ ਹਾਂ ॥ ਫੜੀ ਚਬਕੇ ਲਈ ਲੰਘਾਇ ਪਲ ਵਿਚ
ਤੈਥੂੰ ਆਸਦੇ ਅਸੀ ਨਾ ਤਾਣਦੇਹਾਂ ॥ ਫਿਰੇਂ ਢੂੰਡਦੀ ਪਲੰਘ
ਵਿਛਾਵਣੇਨੂੰ ਅਸੀਸੂਾਹਉਤੇਮੌਜਾਂ ਮਾਣਨੇਹਾਂ ॥ ਰੰਨਾਂ ਕਰਨ
ਵਧਾਉ ਸੰਜੋਗਵਾਲੇ ਅਸੀ ਪਲਵਿਚ ਸਾਫ਼ਕਰਜਾਣਨੇਹਾਂ ॥
ਲੋਗ ਜਾਗਦੇ ਮੇਹਰੀਆਂ ਨਾਲ ਪਰਚਨ ਅਸੀ ਖ਼ਾਬਅੰਦਰ
ਮੌਜਾਂ ਮਾਣਨੇ ਹਾਂ ॥ ਲੋਕਛਾਨਦੇ ਭੰਗ ਤੇ ਸ਼ਰਬਤਾਂਨੂੰ ਅਸੀ
ਆਦਮੀ ਨਜ਼ਰਵਿਚ ਛਾਣਨੇਹਾਂ ॥ ਅਸੀ ਆਪ ਨਾ ਕਿਸੇ ਦਾ

ਬੁਰਾ ਕਰਦੇ ਹੁਕਮਰੱਬਦਾ ਭਲਾਪਛਾਣਨੇਹਾਂ ॥ ਫਿਰੇ ਮਗਰ
ਲੱਗੀ ਇਸਦੀਮੌਤਆਈਵਾਰਸਸ਼ਾਹਹੁਣਮਾਰਕੈ ਰਾਣਨੇਹਾਂ
॥ ਜੇਠਮੀਂਹਤੇਸਜਾਲਵਿਚਵਾਇਮੰਦੀ ਕੱਤਕਮਾਘਵਿਚ ਮਨ੍ਹੇ
ਹਨੇਰੀਆਂਨੀ ॥ ਰੋਣਾ ਵਿਆਹ ਵਿਚ ਗਾਉਣਾਵਿਚ ਸਜਾਪੇ
ਸਤਰ ਮਜਲਸਾਂ ਕਰਨ ਮੰਦੇਰੀਆਂ ਨੀ ॥ ਚੁਗਲੀ ਖਾਉਂਦਾਂ
ਦੀ ਬਦੀ ਨਾਲ ਮੀਏਂ ਖਾਣ ਲੂਣ ਹਰਾਮਬਦਖੈਰੀਆਂਨੀ ॥
ਹੁਕਮ ਰੱਬ ਕਮਜ਼ਾਤਦੇ ਸੌਂਪਦੇਨਾ ਨਾਲ ਦੋਸਤਾਂ ਕਰਨੀਆਂ
ਵੈਰੀਆਂਨੀ ॥ ਚੋਰੀ ਨਾਲ ਫ਼ਕੀਰ ਤੇ ਦਗ਼ਾ ਪੀਰਾਂ ਪਰਨਾਰ
ਦੇ ਨਾਲ ਅਸੇਰੀਆਂਨੀ ॥ ਖ਼ਸਮਨਾਲਬਰਾਬਰੀ ਕਰੇ ਔਰਤ
ਲਗੇ ਰੱਬ ਨੂੰ ਏਹ ਭੀ ਗੈਰੀਆਂਨੀ ॥ ਗ਼ੈਬ ਤਰਕ ਸਲਵਾਤ
ਤੇ ਝੂਠਮਸਤੀ ਦੂਰਕਰਨਫ਼ਰਿਸ਼ਤਿਆਂਐਰੀਆਂਨੀ ॥ ਮੂਜ਼ਨ
ਕੌਲਤੇਹਿਰਨਜ਼ੁਬਾਨਪੀਰਾਂਬੁਰੇਦਿਨਾਂਦੀਆਂਏਹਭੀਫੇਰੀਆਂ
ਨੀ ॥ ਲੜਨ ਨਾਲ ਫ਼ਕੀਰਾਂ ਸਰਦਾਰੀਆਂ ਨੀ ਕੱਢ ਘੱਤਨੀ
ਮਾਲ ਵਸੇਰੀਆਂ ਨੀ ॥ ਮੇਰੇ ਨਾਲ ਜੋ ਖੇੜਿਆਂ ਵਿਚ ਹੋਈ
ਖਚਰਵਾਦੀਆਂ ਏਹ ਸਭ ਤੇਰੀਆਂ ਨੀ ॥ ਭਲਿਆਂ ਨਾਲ
ਭਲਿਆਈਆਂ ਬਦੀ ਬੁਰਿਆਂ ਧਾਦਰੱਖਨਸੀਹਤਾਂਮੇਰੀਆਂ
ਨੀ ॥ ਬਿਨਾ ਹੁਕਮਦੇ ਮਰਦ ਨਾ ਓਹਬੰਦੇ ਸਾਬਤ ਜਿਨ੍ਹਾਂਦੇ
ਰਿਜ਼ਕਦੀਆਂਢੇਰੀਆਂਨੀ ॥ ਬਦਰੰਗਨੂੰ ਬਣੇ ਰੰਗ ਲਾਵਣ
ਵਾਹ ਵਾਹ ਏਹ ਕੁਦਰਤਾਂ ਤੇਰੀਆਂਨੀ ॥ ਜਿਨ੍ਹਾਂ ਅਕਲ ਤੇ
ਹੁਸਨ ਜੋ ਖ਼ਰਾਂ ਜੇਹੇ ਕਰੇ ਪਲਕ ਨਾ ਲਾਂਵਦਾ ਡੇਰੀਆਂਨੀ ॥

ਏਹ ਜਾਦੂੜੇ ਘੱਤਕੇ ਕਰਾਂਕਮਲੀ ਪਈ ਗਿਰਦ ਮੇਰੇ ਘੱਤੇ ਫੇਰੀਆਂ ਨੀ ॥ ਵਾਰਸਸ਼ਾਹ ਅਸਾਂ ਨਾਲ ਜਾਦੂਆਂ ਦੇ ਕਈ ਰਾਣੀਆਂ ਕੀਤੀਆਂ ਚੇਰੀਆਂ ਨੀ ॥

॥ ਕਲਾਮ ਸਹਿਤੀ ॥

ਅਸਾਂਜਾਦੂੜੇਘੋਲਕੇਸਭਪੀਤੇਕਰਾਂਬਾਊਰੇਜਾਦੂਆਂ ਵਾਲਿਆਂ ਨੂੰ॥ਰਾਜੇਭੋਜਜੇਹੇਕੀਤੇ ਚਾਇਘੋੜੇ ਨਹੀਂ ਜਾਣਦਾ ਸਾਡਿਆਂ ਚਾਲਿਆਂ ਨੂੰ ॥ ਸਿਰ ਕੱਪ ਰਸਾਲੂਨੂੰ ਵਖਤ ਪਾਇਆ ਘੱਤ ਮਕਰ ਤੇ ਰਲਿਆਂ ਰਾਲਿਆਂਨੂੰ ॥ ਰਾਵਨ ਲੰਕ ਲੁਟਾਇਕੇ ਗਰਦ ਹੋਇਆ ਸੀਤਾ ਵਾਸਤੇ ਭੇਖ ਵਖਾਲਿਆਂ ਨੂੰ॥ਯੂਸਫ਼ ਬੰਦ ਵਿਚ ਪਾਇ ਜ਼ਹੀਰਕੀਤਾ ਸੱਸੀ ਵਖਤ ਪਾਇਆ ਊਨਾਂ ਵਾਲਿਆਂ ਨੂੰ ॥ ਰਾਂਝਾ ਚਾਰਕੇ ਮਹੀਂ ਫ਼ਕੀਰ ਹੋਇਆ ਹੀਰ ਮਿਲੀ ਜੇ ਖੇੜਿਆਂ ਸਾਲਿਆਂਨੂੰ ॥ ਰੋਡਾ ਵੱਢਕੇ ਨਦੀਦੇ ਵਿਚ ਪਾਇਆ ਅਤੇ ਦੇਖ ਜਲਾਲੀਦੇ ਚਾਲਿਆਂ ਨੂੰ ॥ ਫੋਗੂ ਊਮਰ ਪਾਤਸ਼ਾਹ ਫ਼ਕੀਰਹੋਇਆ ਮਿਲੀਮਾਰਵਣਢੋਲ ਨਿਰਾਲਿਆਂ ਨੂੰ ॥ ਵਲੀ ਬਿਲੰਬਊਰਈਮਾਨਦਿੱਤਾ ਦੇਖ ਛੋਬਿਆ ਬੰਦਗੀ ਵਾਲਿਆਂ ਨੂੰ ॥ ਮੇਹੀਂ ਵਾਲ ਤੇ ਸੋਹਣੀ ਰਹੇ ਏਵੇਂ ਜਾ ਪੁਛ ਲੈ ਇਸ਼ਕ ਦੇ ਭਾਲਿਆਂ ਨੂੰ ॥ ਅਠਾਰਾਂ ਖੂਹਣੀਆਂ ਕਟਕ [illegible] ਮੋਏ ਪਾਂਡੋ ਫੇਰ ਡਾਬਕੇ ਖੂਣੀਆਂ ਗਾਲੀਆਂਨੂੰ ॥ ਰੰਨਾਂ ਮਾਰਲੜਾਏਇਮਾਮਜ਼ਾਦੇ ਮਾਰਘਤਿਆਪੀਰੀਆਂ ਵਾਲਿਆਂ ਨੂੰ॥ਸਕੇ ਭਾਈਆਂ ਨੂੰ ਕਰਨ ਨਫ਼ਰ ਰਾਜੇ ਅਤੇ ਰਾਜ ਬਹਾਂ-

ਵਦੇ ਸਾਲਿਆਂ ਨੂੰ ॥ ਵਾਰਸਸ਼ਾਹ ਤੂੰ ਜੋਗੀਆ ਕੌਣ ਹੁੰਨੈਂ ਉਜੜ ਭਰੇਂਗਾ ਸਾਡਿਆਂ ਹਾਲਿਆਂ ਨੂੰ॥

॥ ਕਲਾਮ ਜੋਗੀ ॥

ਆਓ ਨੱਢੀਏ ਵੈਰਕੀ ਚਾਇਆਈ ਅਸਾਂ ਨਾਲ ਕੀ ਰਿਕਤਾਂ ਚਾਈਆਂ ਨੀ ॥ ਬੇਕਸਾਂ ਦਾ ਕੋਈਨਹੀਂ ਰੱਬਬਾਝੋਂ ਤੁਸੀਦੋਵੇਂ ਨਣਾਨਭਰਜਾਈਆਂਨੀ॥ਕਰੇਂ ਨਰਾਂਦੇਨਾਲ ਬਰਾਬਰੀ ਨੀ ਆਖ ਤੁਸਾਂਵਿੱਚਕੀ ਭਲਿਆਈਆਂਨੀ॥ਜੇਹੜਾ ਰਬਦੇ ਨਾਮ ਤੇ ਭਲਾ ਕਰਸੀ ਅੱਗੇ ਮਿਲਨਗੀਆਂ ਤਿਨਾਂਭਲਿਆਈਆਂ ਨੀ ॥ ਅਗੇ ਤਿਨਾਂ ਦੇ ਹਾਲ ਮਜਜ਼ੂਬ ਹੋਏ ਵਾਰਸਸ਼ਾਹ ਜੋ ਕਰਨ ਬੁਰਿਆਈਆਂ ਨੀ॥

॥ ਕਲਾਮ ਜੋਗੀ ॥

ਮਰਦ ਯਾਰ ਹੋਵਨ ਜੇਹੜੇ ਨੇਕੀਆਂ ਦੇ ਸੂਰਤ ਰੰਨ ਯਤੀਮ ਮਕੂਫ ਹੈਨੀ॥ਮਰਦ ਆਦਮੀ ਫ਼ਾਜ਼ਲ ਅਸਲ ਕਾਬਜ਼ ਕਿਸੇ ਰੰਨ ਨੂੰ ਕੌਣ ਵਕੂਫ਼ ਹੈ ਨੀ॥ ਸਬਰ ਫਰਜ਼ ਹੈ ਮੰਨਿਆਂ ਨੇਕ ਮਰਦਾਂ ਅਤੇ ਸਬਰ ਦੀ ਵਾਗ ਮੌਕੂਫ ਹੈਨੀ॥ ਦਫਤਰਮਕਰ ਫਰੇਬਤੇ ਖਚਰਵਾਦੀ ਇਨਾਂ ਪਿਸਤਿਆਂਵਿਚਮਲਫੂਫ ਹੈਨੀ ॥ ਰੰਨ ਰੇਸ਼ਮੀ ਕਪੜਾਮਨਾਮਸਲੇ ਮਰਦਦੋਜ਼ਖੀਦਾਰ ਸਤੂਜ਼ ਹੈ ਨੀ॥ ਵਾਰਸ ਸ਼ਾਹ ਵਲਾਇਤੀ ਮਰਦ ਮੇਵੇ ਅਤੇ ਰੰਨਾਂ ਮਿਸਵਾਕ ਦਾ ਸੂਫ ਹੈ ਨੀ॥

॥ ਕਲਾਮ ਸਹਿਤੀ ॥

ਦੋਸਤ ਸੋਈ ਜੋ ਬਿਪਤ ਵਿਚ ਭੀੜ ਕੱਟੇ ਯਾਰ ਸੋਈ ਜੋ ਜਾਨ ਕੁਰਬਾਨ ਹੋਵੇ ॥ ਸ਼ਾਹ ਸੋਈ ਜੋ ਕਾਲ ਵਿਚ ਫੇਰ ਘੱਤੇ ਕੁਲ ਖ਼ਲਕਤ ਦਾ ਜੋ ਨਿਗਹਬਾਨ ਹੋਵੇ ॥ ਗਊ ਸੋਈ ਜੋ ਸਿਆਲ ਵਿਚ ਦੁਧ ਦੇਵੇ ਬਾਦਸ਼ਾਹ ਜੋ ਨਜ਼ਰ ਅਸਮਾਨ ਹੋਵੇ ॥ ਨਾਰ ਸੋਈ ਜੋ ਮਾਲ ਬਿਨ ਬੈਠ ਜਾਵੇ ਪਿਆਦਾ ਸੋਈ ਜੋ ਬਹੁਤ ਜੁਆਨ ਹੋਵੇ॥ ਇਮਸਾਕ ਹੈ ਅਸਲ ਅਫੀਮ ਬਾਝੋਂ ਗੁਸੇ ਬਾਝ ਫਕੀਰ ਦੀ ਜਾਨ ਹੋਵੇ ॥ ਸੋਈ ਰੋਗ ਜੋ ਨਾਲ ਇਲਾਜ ਹੋਵੇ ਤੀਰ ਸੋਈ ਜੋ ਨਾਲ ਕਮਾਨ ਹੋਵੇ ॥ ਕੰਜਰ ਸੋਈ ਜੋ ਗੈਰਤੋਂ ਬਾਝ ਹੋਵੇ ਜਿਵੇਂ ਗ਼ਾਬਰਾਂ ਬਾਝ ਇਸ਼ਨਾਨ ਹੋਵੇ ॥ ਕਸਬਾ ਸੋਈ ਜੋ ਵੈਰ ਬਿਨ ਪਿਆ ਵਸੇ ਜੱਲਾਦ ਸੋਈ ਜੋ ਮੇਹਰ ਬਿਨ ਖਾਨ ਹੋਵੇ॥ ਕੁਆਰੀ ਸੋਈ ਜੋ ਕਰੇ ਹਯਾਉ ਦਿਲ ਥੀਂ ਨੀਵੀਂ ਨਜ਼ਰ ਤੇ ਬਾਝ ਜ਼ੁਬਾਨ ਹੋਵੇ ॥ ਬਿਨਾ ਚੋਰੀ ਤੇ ਜੰਗ ਦੇ ਦੇਸ ਵੱਸੇ ਪੱਟ ਸੋਈ ਬਿਨ ਅੰਨ ਦੀ ਪਾਨ ਹੋਵੇ ॥ ਸੱਯਦ ਸੋਈ ਹੈ ਅਸਲ ਜੋ ਸੂਮ ਨਾਹੀਂ ਕ੍ਰੋਧਵਾਨ ਤੇ ਨਾ ਕਹਿਰਵਾਨ ਹੋਵੇ ॥ ਚਾਕਰ ਔਰਤਾਂ ਸਦਾ ਬੇਉਜ਼ਰ ਹੋਵਨ ਅਤੇ ਆਦਮੀ ਬਿਨਾਂ ਨੁਕਸਾਨ ਹੋਵੇ ॥ ਪਰਾਂ ਜਾਹੁ ਖਾਂ ਭੇਖੀਆ ਚੋਬਰਾਵੇ ਮਤਾਂ ਮੰਗਣੋਂ ਕੋਈ ਵਧਾਨ ਹੋਵੇ॥ ਵਾਰਸ ਸ਼ਾਹ ਫਕੀਰ ਬਿਨ ਹਿਰਸ ਗ਼ਫ਼ਲਤ ਯਾਦ ਰੱਬ ਦੀ ਵਿੱਚ ਮਸਤਾਨ ਹੋਵੇ ॥

—:o:—

॥ ਕਲਾਮ ਜੋਗੀ ॥

ਕਾਰਸਾਜ਼ ਹੈ ਰੱਬ ਤੇ ਉਮਰ ਦੌਲਤ ਸੱਭੇ ਮੇਹਨਤਾਂ ਪੇਟ
ਕਾਰਨੇ ਨੀ ॥ ਨੇਕਮਰਦਤੇਨੇਕਹੀ ਹੋਇਔਰਤ ਏਨਾਂਦੋਹਾਂਦੇ
ਕੰਮ ਸਵਾਰਨੇਨੀ॥ਪੇਟਵਾਸਤੇ ਪਰੀ ਤੇ ਹੂਰਜ਼ਾਦਾ ਦਾਨੇਭੂਤ
ਤੇ ਜਿੰਨ ਚੋਵਾਰਨੇਨੀ॥ਪੇਟ ਵਾਸਤੇਫਿਰਨਅਮੀਰਦਰਦਰ
ਸੱਯਦ ਜ਼ਾਦਿਆਂ ਨੇ ਗਧੇ ਚਾਰਨੇ ਨੀ ॥ ਪੇਟ ਵਾਸਤੇ ਸਭ
ਖਰਾਬੀਆਂ ਨੀ ਪੇਟ ਵਾਸਤੇ ਖ਼ੂਨ ਗ਼ੁਜ਼ਾਰਦੇਨੀ॥ਪੇਟਵਾਸਤੇ
ਰਾਤ ਨੂੰ ਛੋਡ ਘਰ ਦਰ ਹੋਏ ਪਾਹਿਰੂ ਹਾਕਰਾਂ ਮਾਰਦੇ ਨੀ॥
ਪੇਟ ਵਾਸਤੇ ਫ਼ਕਰ ਤਸਲੀਮ ਤੋੜਨ ਸਚ ਸਮਝ ਲੈ ਰੰਨ
ਗੁਆਰਨੇਨੀ ॥ ਪੇਟ ਲਾਇਕੇ ਸਭ ਨੂੰ ਕੈਦ ਕੀਤਾ ਬਿਨਾਂ
ਬੇੜੀਆਂਰੱਬਗੁਜ਼ਾਰਨੇ ਨੀ ॥ ਏਸ ਜ਼ਿਮੀਨੂੰ ਵਾਹੁੰਦਾ ਮੁਲਕ
ਮੋਇਆ ਅਤੇ ਹੋਇ ਚੁਕੇ ਵਡੇ ਕਾਰਨੇ ਨੀ ॥ ਵਾਹਨ ਹੋਰ ਤੇ
ਗਾਹਕ ਫਿਰਹੋਰ ਇਸਦੇ ਖਾਵੰਦ ਹੋਰਤੇਹੋਰ ਦਮਮਾਰਦੇਨੀ॥
ਮੇਹਰਬਾਂਨ ਫਕੀਰ ਜਦ ਹੋਣ ਪਲ ਵਿਚ ਤੁਸਾਂ ਜੇਹੇ ਡੋਬ
ਸਭ ਤਾਰਦੇ ਨੀ॥ਵਾਰਸਸ਼ਾਹ ਜੇ ਰੰਨ ਮਿਹਰਬਾਨਹੋਵੇਭਾਂਡਾ
ਬੋਲ ਵਾਲਾ ਮੂੰਹ ਮਾਰਨੇ ਨੀ ॥

॥ ਕਲਾਮ ਸਹਿਤੀ ॥

ਰੱਬ ਜੇਡ ਨਾ ਕੋਈਹੈ ਜਗਦਾਤਾ ਜ਼ਿਮੀਂ ਜੇਡ ਨ ਕਿਸੇ ਦੀ
ਸਾਬਰੀ ਵੇ॥ਮੱਝੀ ਜੇਡ ਨਾ ਕਿਸੇਦੇਹੈਨ ਜਿਗਰੇ ਹਾਜਹਿੰਦ
ਪੰਜਾਬ ਨਾ ਬਾਬਰੀਵੇ॥ਮਰਦ ਜੇਡ ਚਾਲਾਕ ਨ ਸਰਦਕੋਈ

ਹੁਕਮ ਜ਼ੋਰ ਨਾ ਕਿਸੇ ਅਕਾਬਰੀ ਵੇ॥ ਆਸਮਾਨਦੇ ਜ਼ੋਰ ਨਾ ਕਿਸੇ ਪੱਲਾ ਰਯਤ ਜ਼ੋਰ ਨਾ ਕਿਸੇ ਦੀ ਯਾਬਰੀ ਵੇ॥ ਮਾਲਜ਼ਾਦਿਆਂ ਜ਼ੋਰ ਨਾ ਕਸਬ ਭੈੜਾ ਕਮਜ਼ਾਤ ਤੇ ਹੁਕਮ ਦੀ ਕਾਯਰੀ ਵੇ॥ ਬੁਰਾ ਕਸਬ ਨਾ ਨੌਕਰੀ ਜ਼ੋਰ ਕੋਈ ਯਾਦਹਕ ਦੀ ਜ਼ੋਰ ਅਕਾਬਰੀ ਵੇ॥ ਮੌਤ ਜ਼ੋਰ ਨਾ ਜੱਗਤੇ ਸਖ਼ਤ ਕੋਈ ਓੱਥੇ ਕਿਸੇ ਦੀ ਨਹੀਂ ਬਰਾਬਰੀ ਵੇ॥ ਰੰਨ ਵੇਖਣੀ ਐਬ ਹੈ ਵਕਰ ਤਾਈਂ ਭੂਤ ਵਾਂਗ ਹੈ ਸਿਰੋਤੇ ਬਾਬਰੀ ਵੇ॥ ਵਾਰੇਸ਼ਾਹ ਸ਼ੈਤਾਨਦੇ ਅਮਲ ਤੇਰੇ ਦਾੜ੍ਹੀ ਸ਼ੇਖ਼ ਦੀ ਹੋਗਈ ਛਾਬੜੀਵੇ॥

॥ ਕਲਾਮ ਜੋਗੀ ॥

ਰੰਨ ਵੇਖਣੀ ਐਬ ਹੈ ਅੰਨਿਆਂ ਨੂੰ ਰੱਬ ਅਖੀਆਂ ਦਿੱਤੀਆਂ ਵੇਖਣੇ ਨੂੰ॥ ਸਾਰੀ ਖ਼ਲਕਤ ਵੇਖਕੇ ਲਵ ਮੁਜਰਾ ਕਰੇ ਦੀਦ ਇਹ ਜਗਤਦੇ ਵੇਖਣੇ ਨੂੰ॥ ਰਾਵਨ ਰਾਜਿਆਂ ਸਿਰਾਂ ਦੇ ਦਾਉ ਲਗੇ ਜ਼ਰਾ ਜਾਇਕੇ ਅਖੀਆਂ ਸੇਕਣੇ ਨੂੰ॥ ਮਹਾਂਦੇਵ ਜੇਹੇ ਪਾਰਬਤੀ ਅੱਗੇ ਕਾਮ ਲਿਆਂਵਦਾ ਹੀ ਮੱਥਾ ਟੇਕਨੇ ਨੂੰ॥ ਜਿਨਾਂ ਅੱਖੀਆਂ ਦੇ ਜ਼ਰਾ ਸੁਖ ਨਾਹੀਂ ਅਸਾਂ ਕੂੰਵ ਡਿੱਠਾ ਜਗ ਵੇਖਣੇ ਨੂੰ॥ ਸਭੋ ਦੀਦੜਾ ਮਾਫ਼ ਹੈ ਆਸ਼ਕਾਂ ਨੂੰ ਰੱਬ ਨੈਨ ਦਿਤੇ ਜਗਤ ਵੇਖਣੇ ਨੂੰ॥ ਅਜ਼ਰਾਈਲ ਹੱਥ ਕਲਮ ਲੈ ਦੇਖਦਾ ਈ ਤੇਰਾ ਨਾਮ ਇਸ ਜੱਗ ਤੋਂ ਫੇਕਣੇ ਨੂੰ॥ ਵਾਰਸ ਸ਼ਾਹ ਮੀਆਂ ਰੋਜ਼ ਹਸ਼ਰ ਦੇ ਨੂੰ ਅੰਤ ਸੱਦੀਏਂ ਗੀ ਲਿਖਾ ਵੇਖਣੇ ਨੂੰ॥

॥ ਜਵਾਬ ਸਹਿਤੀ ॥

ਜੇਹੀਨੀਤਤੇਤੇਹੀਮੁਰਾਦਹੋਵੇ ਘਰੋਘਰੀ ਫਾਈ ਸਿਰਪਾਵਨਾ ਹੈਂ॥ਫਿਰੇਂ ਮੰਗਦਾ ਭੌਂਕਦਾ ਖੁਵਾਰ ਹੁੰਦਾ ਲੱਖ ਦਗ਼ਾ ਪਾਖੰਡ ਕਮਾਵਨਾ ਹੈਂ॥ ਸਾਨੂੰ ਰੱਬ ਨੇ ਦਹੀਂ ਤੇ ਦੁੱਧ ਦਿੱਤਾ ਰੱਜਾ ਖਾਵਨਾ ਰੱਜਾ ਹੰਢਾਵਨਾ ਹੈ ॥ ਸੋਨਾ ਰੁੱਪੜਾ ਪਹਿਨਕੇ ਅਸੀ ਸ਼ਹੀਏ ਵਾਰਸਸ਼ਾਹ ਤੂੰ ਜੀਉ ਭਰਮਾਵਨਾ ਹੈਂ ॥

॥ ਜਵਾਬ ਜੋਗੀ ॥

ਸੁਇਨਾ ਰੁੱਪੜਾ ਸ਼ਾਨ ਸਵਾਣੀਆਂਦਾ ਹੂੰਤਾਂ ਅਸਲ ਅਸੀਲ ਹੈਂ ਗੋਲੀਏ ਨੀ॥ ਗਧਾ ਅਰਦਕਾਂ ਨਾਲ ਨਾ ਹੋਇ ਘੋੜਾ ਸ਼ਾਹਪਰੀ ਨਾ ਹੋਇ ਧਰੋਲੀਏ ਨੀ ॥ ਰੰਗ ਧਉਲੜੇ ਨਾਲ ਤੈਂ ਜਗ ਮੁੱਠਾ ਵਿੱਚੋਂ ਗੁਣਾਂ ਦੇ ਨਾਲ ਤੈਂ ਪੋਲੀਏ ਨੀ ॥ ਵੇਹੜੇ ਵਿਚ ਤੂੰ ਕੰਜਰੀ ਵਾਂਗ ਨੱਚੇਂ ਚੋਰਾਂ ਯਾਰਾਂ ਦੀ ਵਿੱਚ ਵਚੋਲੀਏ ਨੀ ॥ ਅਸਾਂ ਪੀਰ ਕਹਿਆ ਤੇ ਤੂੰ ਹੀਰ ਸਮਝੀ ਭੂਲ ਗਈਹੈਂ ਸੁਣਨ ਵਿਚ ਭੋਲੀਏ ਨੀ॥ ਅੰਤ ਏਸ ਜਹਾਨ ਨੂੰ ਛੱਡ ਜਾਣਾਂ ਐਡੇ ਝੂਠ ਅਪਰਾਧ ਨਾ ਬੋਲੀਏ ਨੀ॥ ਦੁੱਧ ਸਾਫ ਹੈ ਵੇਖਣਾ ਆਸ਼ਕਾਂ ਦਾ ਸ਼ੱਕਰ ਵਿੱਚ ਪਿਆਜ਼ ਨ ਘੋਲੀਏ ਨੀ ॥ ਫ਼ਕਰ ਅਸਲ ਅਲਾਹ ਦੀ ਹੈਨ ਸੂਰਤ ਅੱਗੇ ਰੱਬ ਦੇ ਝੂਠ ਨਾ ਬੋਲੀਏ ਨੀ ॥ ਹੁਸਨ ਮੱਤੀਏ ਰੂਪ ਦੀਏ ਸੋਨ ਚਿੜੀਏ ਨੈਣਾਂ ਵਾਲੀਏ ਸ਼ੋਖ ਮਮੋਲੀਏ ਨੀ ॥ ਤੈਂਡਾ ਭਲਾ ਹੋਵੇ ਸਾਡਾ ਛੱਡ ਖਹਿੜਾ ਅੱਮਾਂ ਜਾਉਣੀਏ

ਆਲੀਏ ਭੋਲੀਏ ਨੀ ॥ ਵਾਰਸਸ਼ਾਹ ਕੀਤੀ ਗੱਲ ਹੋਇ ਚੁਕੀ ਮੂਤ ਵਿਚ ਨਾ ਮੱਛੀਆਂ ਟੋਲੀਏ ਨੀ ॥

॥ ਜਵਾਬ ਸਹਿਤੀ ॥

ਛੇੜ ਖੂੰਦਰਾਂ ਭੇੜ ਮਚਾਵਨਾ ਹੈਂ ਸੇਕਾਂ ਹੱਡ ਤੇਰੇ ਨਾਲ ਸੋਟਿਆਂ ਦੇ ॥ ਅਸੀ ਜੱਟੀਆਂ ਰੂਪ ਪਲੱਟੀਆਂ ਹਾਂ ਜਿਨ੍ਹਾਂ ਪਾੜ ਸੁੱਟੇ ਨੱਕ ਝੋਟਿਆਂ ਦੇ ॥ ਜਦੋਂ ਮੋਹਲੀਆਂ ਪਕੜ ਕੇ ਗਿਰਦ ਹੋਈਏ ਖਿਸਤੇ ਕੱਢੀਏ ਚੀਥਿਆਂ ਕੋਟਿਆਂ ਦੇ ॥ ਜਦੋਂ ਛੜੇਨੀ ਕੁੱਤਕੇ ਅਤੇ ਸੋਟੇ ਇਹ ਇਲਾਜ ਨੇ ਚਿੱਤੜਾਂ ਮੋਟਿਆਂ ਦੇ ॥ ਤਹਿਵਰ ਸ਼ਾਹ ਦਾ ਬਾਲਕਾ ਸ਼ਾਹ ਫ਼ਖਰ ਤੈਥੇ ਵਲ ਹੈ ਵਡੇ ਲਪੋਟਿਆਂ ਦੇ ॥ ਵਾਰਸਸ਼ਾਹ ਰੋਡਾ ਸਿਰ ਕੰਨ ਪਾਟੇ ਏਹ ਹਾਲ ਹੈ ਚੋਬਰਾਂ ਖੋਟਿਆਂ ਦੇ ॥

॥ ਕਲਾਮ ਜੋਗੀ ॥

ਫ਼ਕਰ ਆਖਦੇ ਸ਼ੇਰ ਦਾ ਹੈਨ ਬੁਰਕਾ ਪੜਦਾ ਫ਼ਕਰ ਦਾ ਮੂਲ ਨਾ ਫੋਲੀਏ ਨੀ ॥ ਸਰੇ ਖੈਰ ਤੇ ਹੱਸਕੇ ਆਨ ਦੀਜੇ ਲਈਏ ਦੁਆਇ ਜਾਂ ਮਿੱਠੜਾ ਬੋਲੀਏ ਨੀ ॥ ਲਈਏ ਆਪ ਚੜ੍ਹਾਇਕੇ ਵੱਧ ਪੈਸਾ ਪਰ ਤੋਲ ਥੀਂ ਘੱਟ ਨਾ ਤੋਲੀਏ ਨੀ ॥ ਬੁਰਾ ਬੋਲ ਨਾ ਰੱਬਦਿਆਂ ਪੂਰਿਆਂ ਨੂੰ ਤੇ ਬੇਸ਼ਰਮ ਕੁਪੱਤੀਏ ਲੋਲੀਏ ਨੀ ॥ ਵਾਰਸਸ਼ਾਹ ਵਲ ਪਿਆ ਡਰੱਕਲੇ ਨੂੰ ਸਿੱਧਾ ਹੋਵੇ ਨਾ ਬਾਝ ਠਠੋਲੀਏ ਨੀ ॥

॥ ਜਵਾਬ ਸਹਿਤੀ ॥

ਵੇਖੇਂ ਸੋਹਣੀ ਨੱਢੜੀ ਹੋਇ ਜਿੱਥੇ ਉੱਥੇ ਜਾਇਕੇ ਝਾਤੀਆਂ ਪਾਵਨਾਂ ਹੈਂ ॥ ਅਸੀਂ ਭੂਤਣੀ ਅਕਲ ਗਵਾਇ ਦੇਈਏ ਕਾਹੇ ਲਾਇ ਭਬੂਤ ਡਰਾਵਨਾਂਹੈਂ ॥ ਤ੍ਰਿੰਞਣ ਦੇਖਕੇ ਵਹੁਟੀਆਂ ਛੈਲ ਕੁੜੀਆਂ ਉੱਥੇ ਕਿੰਗਣੀ ਤਾਰ ਵਜਾਵਨਾਂਹੈਂ ॥ ਮੇਰੀ ਭਾਬੀ ਦੇ ਨਾਲ ਤੈਂ ਰਮਜ਼ ਕੀਤੀ ਭਲਾ ਆਪਨੂੰ ਕੌਣ ਸਦਾਵਨਾਂ ਹੈਂ ॥ ਓਹ ਪਈ ਹੈਰਾਨ ਹੈ ਨਾਲ ਜ਼ਹਿਮਤ ਘੜੀ ਘੜੀ ਕਿਉਂ ਪਿਆ ਅਕਾਉਨਾਂਹੈਂ ॥ ਨਾਤੂੰ ਵੈਦ ਨਾ ਜੋਤਸ਼ੀ ਨਾ ਮੁੱਲਾਂ ਝਾੜੇ ਗ਼ੈਬ ਦੇ ਕਾਸਨੂੰ ਪਾਵਨਾਂ ਹੈਂ ॥ ਚੋਰ ਚੂਹੜੇ ਵਾਂਗ ਹੈ ਤ੍ਰੇਵ ਤੇਰੀ ਪਈ ਜਾਪਦੀ ਸਿਰੀ ਵਿਹਾਵਨਾਂਹੈਂ ॥ ਇਟ ਸਿਟ ਤੇ ਭੁੱਖੜਾ ਕੋੜ ਕੀਦਲ ਏਹ ਬੂਟੀਆਂ ਖੋਲ੍ਹ ਵਖਾਵਨਾਂਹੈਂ ॥ ਦਾਰੂ ਨਾਹ ਕਬਾਬ ਨਾ ਹੱਥ ਸ਼ੀਸ਼ੀ ਦੱਸ ਕਾਸਦਾ ਵੈਦ ਸਦਾਵਨਾਂ ਹੈਂ ॥ ਖੋਹ ਬਉਰੀਆਂ ਖਪਰੀਆਂ ਭੰਨ ਸੁੱਟਾਂ ਹੁਣ ਹੋਰ ਕੀ ਮੂੰਹੋਂ ਅਖਾਵਨਾਂ ਹੈਂ ॥ ਰੰਨਾਂ ਸਾਧ ਤੇ ਸਿਧ ਸਭ ਸੁਧ ਕੀਤੇ ਵਾਰੇ ਸ਼ਾਹ ਤੂੰ ਕੌਣ ਅਖਾਵਨਾਂ ਹੈਂ ॥

॥ ਕਲਾਮ ਜੋਗੀ ॥

ਅਸੀਂ ਮਿੰਨਤਾਂ ਡਾਢੀਆਂ ਕੀਤੀਆਂ ਨੀ ਅਨੀ ਗੁੰਡੀਏ ਠੇਠਰੇ ਜੱਟੀਏ ਨੀ ॥ ਕਰਾਮਾਤ ਫ਼ਕੀਰ ਦੀ ਦੇਖ ਲਈਏ ਖੈਰ ਰੱਬ ਤੋਂ ਮੰਗ ਕੁਪੱਤੀਏ ਨੀ ॥ ਕੰਨ ਪਾਟਿਆਂ ਨਾਲ ਨਾ ਜ਼ਿਦ ਕਰੀਏ ਅੰਨ੍ਹੇ ਖੂਹ ਵਿਚ ਝਾਤ ਨਾ ਘੱਤੀਏ ਨੀ ॥ ਪੜ ਫੂਕੀਏ ਇੱਕ

ਕਲਾਮ ਐਸੀ ਚੜ੍ਹ ਜਿੰਨ ਤੇ ਭੂਤ ਦੀ ਪੱਟੀਏ ਨੀ ॥ ਮਸਤ ਨਾਲ ਹੰਕਾਰਦੇ ਫਿਰੇਂ ਕਮਲੀ ਕਦੀ ਹੋਸ਼ਦੀ ਅੱਖ ਪਰੱਤੀਏ ਨੀ ॥ ਕੋਈ ਦੁਖ ਤੇ ਦਰਦ ਨਾ ਰਹੇ ਮੂਲੋਂ ਝਾੜਾ ਮੇਹਰ ਦੇ ਨਾਲ ਜੇ ਘੱਤੀਏ ਨਾ ॥ ਤੇਰੀ ਭਾਬੀ ਦੇ ਦੁੱਖੜੇ ਦੂਰ ਹੋਵਨ ਅਸੀਂ ਮੇਹਰ ਦੀ ਨਜ਼ਰ ਪਹੁੱਤੀਏ ਨੀ ॥ ਸਾਰੀ ਉਮਰ ਦੇ ਦੁਖ ਗਵਾਇ ਦੇਈਏ ਜਗ ਵਿਚ ਭਲਿਆਈਆਂ ਖੱਟੀਏਨੀ ॥ਮੂੰਹੋਂ ਮਿੱਠੜਾ ਬੋਲ ਤੇ ਮੋਮ ਹੋਜਾ ਤ੍ਰਿੱਖੀ ਹੋਇ ਨਾ ਕਮਲੀਏ ਜੱਟੀਏ ਨੀ ॥ ਜਾਂਦੇ ਸਭ ਅਜ਼ਾਰ ਯਕੀਨ ਕਰ ਤੂੰ ਵਾਰਸ ਸ਼ਾਹ ਦੇ ਕਦਮ ਜਾਂ ਚੱਟੀਏ ਨੀ ॥

॥ ਕਲਾਮ ਸਹਿਤੀ ॥

ਫਰਫੇਜੀਆ ਬੀਰ ਬੈਤਾਲੀਆ ਵੇ ਔਖੇ ਇਸ਼ਕ ਦੇ ਝਾੜੇ ਤੈਂ ਪਾਵਨੇ ਵੇ ॥ ਗੱਲਾਂ ਚਾਉ ਦਵਾਉ ਦੀਆਂ ਬਹੁਤ ਕਰਨਾਏਂ ਏਹ ਰੋਗ ਨਾ ਤੁਧ ਥੀਂ ਜਾਵਨੇ ਵੇ ॥ ਕਦੇਂ ਘੂਸੜੀ ਤਿਬ ਮੀਜ਼ਾਨ ਪੜ੍ਹਿਓਂ ਤੇ ਦਸਤੂਰੁਲ ਇਲਾਜ ਸਿਖਾਵਣੇ ਵੇ ॥ ਕੁਰਤਾਸ ਸਕੰਦਰੀ ਤਿਬ ਅਕਬਰ ਤੇ ਜ਼ਖੀਰਿਓਂ ਬਾਬ ਸੁਨਾਵਣੇ ਵੇ ॥ ਕਾਨੂਨ ਮੋਜਜ਼ ਤੋਹਫ਼ਾ ਮਮਨੀ ਭੀ ਕਿਫਾਇਹਾ ਮਨਸੂਰੀ ਥੀਂ ਪਾਵਣੇ ਵੇ ॥ ਪ੍ਰਾਣ ਸੰਗਲੀ ਬੈਦ ਬਿਨੋਦ ਪੜ੍ਹਿਓਂ ਤੇ ਨਿਰਘੰਟ ਦੇ ਧਜਾਇ ਪੜ੍ਹਾਵਣੇ ਵੇ ॥ ਕਰਾਬਾਦੀਨ ਸ਼ਫਾਈਓਂ ਕਾਦਰੀ ਭੀ ਮਤਫ਼ਰਕਾ ਤਿਬ ਮਰ੍ਹ ਜਾਵਣੇ ਵੇ॥ ਰਤਨ ਜੋਤ ਤੇ ਸ਼ਾਖ਼ ਬਲਮੀਕ ਸੋਜ਼ਨਸੁਖ

ਦੇਹ ਸ਼ੀਗਾਸ਼ਤੀ ਆਵਨੇ ਵੇ॥ ਭੂਤ ਏਸਨੂੰ ਸ਼ੈਗ ਸਿਆਲਵਾਲਾ
ਕਾਬੂ ਕਿਸੇ ਦੇ ਏਹ ਨਾ ਆਵਣੇ ਵੇ॥ ਏਨਾਂ ਮਕਰੀਆਂ ਤੋਂ
ਕੌਣ ਹੋਇ ਚੰਗਾ ਠੱਗ ਫਿਰਦੇ ਨੀ ਰੰਨਾਂ ਵਲਾਵਣੇ ਵੇ॥
ਜੇਹੜੇ ਮਕਰਦੇ ਪੈਰ ਪਸਾਰ ਬੈਠੋਂ ਬਿਨਾਂ ਫਾਟ ਖਾਧੀ ਨਹੀਂ
ਜਾਵਣੇ ਵੇ॥ ਨੈਣਾਂ ਵੇਖਕੇ ਮਾਰਨਾ ਏਂ ਫੂਕ ਸਾਵੀਂ ਸੁਤੇ ਪ੍ਰੇਮ ਦੇ
ਨਾਗ ਜਗਾਵਣੇ ਵੇ॥ ਅਫ਼ਲਾਤੂਨ ਸ਼ਾਗਿਰਦ ਗੁਲਾਮ
ਅਰਸਤੂ ਲੁਕਮਾਨ ਥੀਂ ਪੈਰ ਧੁਵਾਵਣੇ ਵੇ॥ ਮੂੰਹ ਨਾਲ ਕਿਹਾ
ਜੇਹੜੇ ਨਹੀਂ ਜਾਨਣ ਹੱਡ ਗੋਡੜੇ ਤਿਨਾਂ ਭਨਾਵਣੇ ਵੇ॥ ਵਾਰੇਸ਼ਾਹ
ਇਹ ਮਾਰ ਹੈ ਵਸਤ ਐਸੀ ਜਿਨ ਭੂਤ ਤੇ ਦੇਉ ਨਿਵਾਵਣੇ ਵੇ॥

॥ ਕਲਾਮ ਜੋਗੀ ॥

ਏਹ ਰਸਮ ਕਦੀਮ ਹੈ ਜੋਗੀਆਂ ਦੀ ਓਹਨੂੰ ਮਾਰਨੇ ਹਾਂ ਜੇਹੜੀ
ਟੁਰਕਦੀ ਹੈ॥ ਖੈਰ ਮੰਗਣੇ ਗਏ ਫ਼ਕੀਰ ਤਾਈਂ ਦੂਰੋਂ
ਕੁੱਤੀਆਂ ਵਾਂਗਰੂ ਘੁਰਕਦੀ ਹੈ॥ ਏਹ ਖਸਮ ਨੂੰ ਖਾਣ ਨੂੰ ਕਿਵੇਂ
ਦੇਂਦੀ ਜੇਹੜੀ ਫ਼ਕਰ ਦੇ ਨਾਮ ਤੋਂ ਝੁਰਕਦੀ ਹੈ॥ ਬੜੀ
ਪੇਰਨੀ ਕੇ ਪਹਿਲਵਾਨਣੀ ਹੈ ਇਹ ਕੰਜਰੀ ਤਾਂ ਕਿਸੇ ਤੁਰਕ
ਦੀ ਹੈ॥ ਪਹਿਲੋਂ ਫੂਕਕੇ ਅੱਗ ਮਤਾਬੀਆਂ ਨੂੰ ਪਿਛੋਂ ਸਰਦ
ਪਾਣੀ ਪਈ ਬੁਰਕਦੀ ਹੈ॥ ਰੰਨ ਗੁੰਡੀ ਨੂੰ ਜਦੋਂ ਪੈਜ਼ਾਰ ਪੈਂਦੀ
ਪਈ ਚੁਪ ਚੁਪਾਤੜੀ ਛੁਰਕਦੀ ਹੈ॥ ਇਕ ਝਿੜਕ ਦੇ ਨਾਲ
ਮੈਂ ਪੱਟ ਸੁੱਟਾਂ ਜੇਹੜੀ ਜ਼ੁਲਫ਼ ਗੱਲਾਂ ਉਤੇ ਲੁਟਕਦੀ ਹੈ॥
ਸਜਾਣੇ ਆਖਦੇ ਏਹ ਧਨੀ ਜਾਇਫ਼ੇ ਦੀ ਜੇਹੜੀ ਸਾਨ੍ਹਾਂ ਦੀ ਮੂਤਰੀ

ਖੁਰਕਦੀ ਹੈ ॥ ਲੰਡੀ ਪਾਹੁਣੀ ਨੂੰ ਖੇਤ ਹੱਥ ਆਇਆ ਪਈ ਉਪਰੋਂ ਉਪਰੋਂ ਮੁਰਕਦੀ ਹੈ ॥ ਫਕਰ ਆਨ ਮੰਗਨ ਖਰ ਹੁੱਖੇ ਮਰਦੇ ਸਗੋਂ ਕੁੱਤੀਆਂ ਵਾਂਗਰੂੰ ਢੁਰਕਦੀ ਹੈ ॥ ਤੇਰੇ ਲੈਂਦੇ ਨੇ ਫੱਟਫਟਾਉਣੇ ਨੂੰ ਸਵਾ ਮਣੀ ਮੁਤਹਿਰ ਵੀ ਫੁਰਕਦੀ ਹੈ ॥ ਵਾਰਸਸ਼ਾਹ ਫ਼ਕੀਰ ਨੂੰ ਬੁਰਾ ਬੋਲੇਂ ਵਾਂਗ ਬੇਸਵਾ ਦੇ ਏਹ ਝੁਰਕਦੀ ਹੈ ॥

॥ ਜਵਾਬ ਸਹਿਤੀ ॥

ਜੇਹੜੀਆਂ ਲੈਨ ਉਡਾਰੀਆਂ ਨਾਲ ਬਾਜ਼ਾਂ ਓਹ ਬੁਲਬੁਲਾਂ ਠੀਕ ਮਰੀਂਦੀਆਂ ਨੇ। ਉਨਾਂ ਹਰਨੀਆਂ ਦੀ ਮੌਤ ਹੋਇ ਚੁਕੀ ਪਾਣੀ ਪਿੰਡ ਦੇ ਖੂਹ ਦਾ ਪੀਂਦੀਆਂ ਨੇ ॥ ਓਹ ਤਾਂ ਡਾਇਨਾਂ ਜਾਨ ਕਬਾਬ ਹੋਈਆਂ ਜੇਹੜੀਆਂ ਗਭਰੂਆਂ ਨਾਲ ਖਹੀਂਦੀਆਂ ਨੇ॥ ਓਹ ਇਕ ਦਿਨ ਫੇਰ ਸਨ ਆਨ ਘੋੜੇ ਕਿੜਾਂ ਜਿਨਾਂ ਦੀਆਂ ਨਿਤ ਸੁਣੀਂਦੀਆਂ ਨੇ॥ ਥੋੜੀ ਕਰਨ ਸੁਹਾਗ ਦੀ ਓਹ ਆਸ਼ਾ ਜੇਹੜੀਆਂ ਯਾਰ ਦੀਆਂ ਨਾਲ ਪੁਣੀਂਦੀਆਂ ਨੇ॥ ਜੋਕਾਂ ਇਕ ਦਿਨ ਪਕੜ ਨਿਰੋੜਨੀ ਜੋ ਅਨਪੁਛਿਆ ਲਹੂ ਜੋ ਪੀਂਦੀਆਂ ਨੇ ॥ ਦਿਲ ਮਾਲ ਦੀ ਜੇਲ ਖੰਕ ਜਰੀ ਨੂੰ ਕਦੇ ਦਿਲੋਂ ਮਹਿਬੂਬਨ ਥੀਂਦੀਆਂ ਨੇ॥ ਇਕ ਦਿਨ ਪਕੜੀਆਂ ਜਾਣਗੀਆਂ ਹਾਕਮਾਂ ਤੇ ਪਰਮੇਸ਼ਰ ਤੇ ਨਿਤ ਦਰੀਂਦੀਆਂ ਨੇ॥ ਖਟਾਂ ਇਕ ਦਿਨ ਗੜੇ ਵਸਾਉਣਗੀਆਂ ਠਾਠਾਂ ਜੋੜ ਕੇ ਨਿੱਤ ਘੁਰੀਂਦੀਆਂ ਨੇ॥ ਕਰਨ ਚੋਰੀਆਂ ਯਾਰੀਆਂ ਲੁੱਚ ਗੁੰਡੇ ਕਿਸੇ ਰੋਜ਼ ਤਾਂ ਜ਼ਾਹਰਾ ਥੀਂਦੀਆਂ ਨੇ ॥ ਤੇਰੇ ਲਉਣ

ਸੈਵੇਅਸੀਂ ਜਾਣਦੇ ਹਾਂ ਮੁਸ਼ਕਾਂ ਕਿਸੇਦੀਆਂਅੱਜਬਿਨ੍ਹਾਂਦੀਆਂ ਨੇ ॥ ਵਾਰਸਸ਼ਾਹ ਜੋ ਲਿਖੀਆਂ ਧੁਰਦੀਆਂ ਨੇਨਹੀਂਕਿਸੇਤੋਂ ਮੂਲ ਮਿਟੀਂਦੀਆਂ ਨੇ ॥

॥ ਜਵਾਬ ਜੋਗੀ ॥

ਸੁਣੀ ਸਹਿਤੀਏ ਅਸੀ ਹਾਂ ਨਾਗ ਕਾਲੇ ਪੜ੍ਹਸੈਫੀਆਂਜ਼ੁਹਦ ਕਮਾਉਨੇ ਹਾਂ ॥ ਮਕਰ ਠਕਰਨੂੰ ਭੰਨਕੇ ਸਾਫ਼ ਕਰਦੇ ਜਿਨ ਭੂਤ ਨੂੰ ਸਾੜ ਵਿਖਾਉਨੇ ਹਾਂ ॥ ਨਕਸ਼ ਲਿਖਕੇ ਫੂਕ ਯਕੀਨ ਦੇਈਏ ਸਾਇਸੂਲ ਦੀ ਜ਼ਾਤ ਗਵਾਉਨੇਹਾਂ॥ਦੁਖਦਰਦ ਬਲਾਇਤੇ ਦੂਰ ਤੰਗੀ ਕਦਮ ਜਿਨ੍ਹਾਂ ਦੇ ਵੇਹੜੇ ਪਾਉਨੇਹਾਂ॥ਸਣੇ ਤਸਬੀਆਂ ਪੜ੍ਹਾਂ ਇਖਲਾਸ ਸੂਰਤ ਜੜ੍ਹਾਂ ਵੈਰੀ ਦੀਆਂ ਪੱਟ ਵਿਖਾਉਨੇਹਾਂ॥ ਦਿਲੋਂ ਹੁੱਬਦੇ ਭਾਇ ਤਵੀਤ ਲਿਖੀਏਅਸੀ ਵਿਛੜੇ ਯਾਰ ਮਿਲਾਉਨੇਹਾਂ॥ ਜੇਹੜਾ ਮਾਰਨਾਂਹੋਇਤਹਕੀਕ ਕਰਕੇ ਐਤਵਾਰ ਮਸਾਣਜਗਾਉਨੇਹਾਂ ॥ ਜੇਹੜੀਗੱਭਰੂ ਤੋਂ ਰਹੇ ਰੰਨ ਵਿੱਟਰ ਲੌਂਗ ਮੰਤਰ ਕੇ ਚਾਇ ਸੁੰਘਾਉਨੇਹਾਂ ॥ ਜੇਹੜੇ ਯਾਰ ਨੂੰ ਯਾਰਨੀ ਮਿਲੇ ਨਾਹੀਂ ਫੁਲ ਮੰਤਰ ਕੇ ਚਾਇ ਸੁੰਘਾਵਨੇਹਾਂ॥ਓਨਾਂਵਹੁਟੀਆਂ ਦੇ ਦੁਖਦੂਰ ਹੋਵਨ ਪੜ੍ਹਹਿਣ ਤੇ ਹੱਥ ਧਰਾਵਨੇ ਹਾਂ॥ ਕੀਲਡਾਇਣਾਂ ਕੱਚੀਆਂ ਪੱਕੀਆਂਜੀ ਦੰਦ ਭੰਨਕੇ ਲਿਟਾਂ ਮੁਨਾਵਨੇਹਾਂ ॥ ਜਾਣਾ ਸਿਹਰਜਾਦੂਜਨੀ ਭੂਤ ਰੀਛਾ ਕੁੰਡਾ ਖੋਲ੍ਹ ਦਿਵਾਲੀਦਾ ਪਾਵਨੇਹਾਂ॥ਕਿਸੇ ਨਾਲ ਜੇਵੈਰਵਿਰੋਧਹੋਵੇਓਹਨੂੰ ਘਤ ਮਸਾਣਰੰਞਾਣਾਵਨੇਹਾਂ॥ਬੁਰਾ

ਖੇਲਦੀਹੈ ਜੇਹੜੀ ਜੋਗੀਆਂ ਨੂੰ ਸਿਰ ਮੁੰਨਕੇ ਗਧੇ ਚੜ੍ਹਾਵਨੇ ਹਾਂ ॥ ਏਨਾਂਖੇੜਿਆਂ ਦੇ ਘਰੋਂ ਇਕ ਬੂਟਾ ਹੁਕਮ ਰੱਬ ਦੇ ਨਾਲ ਪੁਟਾਵਨੇ ਹਾਂ ॥ ਵਾਰਸਸ਼ਾਹ ਜੇ ਹੋਰ ਨਾ ਵਾਉਲੱਗੇ ਸਿਰ ਪਰੇਮ ਜੜੀ ਚਾਇ ਪਾਵਨੇਹਾਂ ॥

॥ ਕਲਾਮ ਸਹਿਤੀ ॥

ਤੁਸੀ ਥੰਮ ਦਰਗਾਹ ਦੇ ਪੀਰ ਪੂਰੇ ਏਸ ਵਹੁਟੜੀ ਨੂੰਕੋਈ ਸੂਲ ਹੈਜੀ॥ ਕੋਈ ਗੁਝੜਾ ਰੋਗ ਹੈ ਏਸ ਧਾਨਾ ਪਈਨਿੱਤ ਹੈ ਰਹੇ ਰੰਜੂਲ ਹੈ ਜੀ ॥ ਹੱਥੋਂ ਲੜੀਵਹਿੰਦੀਲਹੂਲਿੱਬੜੀ ਹੈ ਦੇਹੀ ਸੀਤ ਰਹਿੰਦੀ ਮਕਬੂਲ ਹੈ ਜੀ॥ ਮੂਹੋਂ ਮਿੱਠੜੀਨਾ ਕਿਸੇ ਨਾਲ ਬੋਲੇ ਹਰ ਕਿਸੇਦੇ ਨਾਲ ਮਾਕੂਲ ਹੈਜੀ॥ ਮੂਧਾ ਪਿਆ ਹੈ ਝਗੜਾ ਨਿੱਤ ਸਾਡਾ ਏਹ ਵਹੁਟੜੀ ਘਰੇਦਾਮੂਲ ਹੈ ਜੀ ॥ ਮੇਰੇ ਵੀਰਦੇ ਨਾਲ ਹੈ ਵੈਰਇਸਦਾ ਜਿਵੇਂ ਕਾਫ਼ਰਾਂ ਨਾਲ ਰਸੂਲ ਹੈਜੀ॥ਅੱਗੇ ਏਸਦੇ ਸਾਹੁਰੇ ਹੱਥ ਬੱਧੇ ਜੋ ਕੁਛ ਕਹੇ ਸੋ ਸਭ ਕਬੂਲਹੈ ਜੀ॥ ਨਹੀਂ ਖਾਂਵਦੀ ਪੀਂਵਦੀ ਹਸਦੀ ਜੇ ਨਹੀਂ ਕਿਸੇ ਦੇ ਨਾਲ ਮਸ਼ਗੂਲ ਹੈ ਜੀ ॥ ਏਹਪਲੰਘਤੋਂ ਕਦੇ ਨਾ ਉਠ ਬਹਿੰਦੀ ਸਾਡੇ ਢਿੱਡ ਵਿਚ ਏਸਦਾ ਸੂਲ ਹੈ ਜੀ ॥ ਸਾਨੂੰ ਵਾਰਨਾ ਪਿਆ ਹੈ ਕਦੀ ਲੋਕਾਂ ਸਭ ਕਹਿਨ ਤੇਝੇ ਕੰਦ ਮੂਲ ਹੈ ਜੀ॥ਕਰੋ ਮੇਹਰ ਤੇ ਦਯੋ ਫ਼ਕੀਰਸਾਇਆਂ ਤੇਰੀ ਮੱਦਦ ਰੱਬ ਰਸੂਲ ਹੈ ਜੀ ॥ ਵਾਰਸਸ਼ਾਹ ਮਾਸ਼ੂਕਦੇ ਹੁਕਮ ਵਾਲੇ ਜੋ ਕੁਛ ਕਹਿਨ ਸੋ ਸਭ ਕਬੂਲ ਹੈ ਜੀ ॥

॥ ਕਲਾਮ ਜੋਗੀ ॥

ਨਾੜੀ ਵੇਖਕੇ ਕਰਾਂ ਇਲਾਜ ਇਸਦਾ ਹੱਥ ਬੰਨ੍ਹਕੇਬੇਨਤੀ ਕਰਾਂਤੈਨੂੰ॥ਨਬਜ਼ ਵੇਖਕੇ ਦੇਵਾਂ ਦਵਾ ਇਸਨੂੰ ਜੇਕਰਉਠਕੇ ਹੱਥ ਵਿਖਾਇ ਮੈਨੂੰ ॥ ਰੋਗ ਕਾਸਦੇ ਚੱਲਿਆ ਕਰੇ ਜ਼ਾਹਿਰ ਮਜ਼ਾ ਮੂੰਹਦਾ ਦੇਇ ਬਤਾਇ ਮੈਨੂੰ॥ਵਾਰਸਸ਼ਾਹ ਮੀਆਂਛੱਡੀ ਰੋਗ ਕੱਢਾਂ ਮਲਕੁਲ ਮੌਤ ਤੋਂ ਲਵਾਂ ਬਚਾਇ ਏਹਨੂੰ॥ ਖੰਘ ਖੁਰਕ ਤੇ ਸਾਹ ਤੇ ਅੱਖ ਆਈਸੂਲਦੰਦਾਂਦੀ ਪੀੜਗਵਾਉਨੇ ਹਾਂ ॥ ਕੁਲੰਜ ਤਪਦਿੱਕ ਤੇ ਮੁਹਰਕਾ ਤਪ ਓਹਨੂੰ ਕਾੜ੍ਹਿਆਂ ਨਾਲਹਟਾਉਨੇਹਾਂ॥ਸਿਰਸਾਮ ਜ਼ੁਕਾਮ ਸੁਦਾਇ ਨਜ਼ਲਾਏਹ ਸ਼ਰਬਤਾਂ ਨਾਲ ਵੰਜਾਉਨੇ ਹਾਂ॥ਸੀਤਤਾਪ ਤੇ ਇਸ਼ਕਦਾਤਾਪ ਹੋਵੇ ਲਾਹਿਮਤਲਬਗਲ ਲਗਾਵਨੇਹਾਂ॥ਲੂਤਾਂਭੌਰੀਆਂਅਤੇ ਗੰਭੀਰ ਚੰਬਲ ਤੇਲ ਲਾਇਕੇ ਜੜ੍ਹਾਂ ਪੁਟਾਉਨੇਹਾਂ ॥ਹੋਇ ਪੁੜਪੜੀਪੀੜ ਤੇ ਅਧਸੀਸੀ ਓਹਨੂੰ ਕਾਫੀਆਂਗਾਸੁਣਾਉਨੇ ਹਾਂ ॥ਅਧਰੰਗ ਹੋਵੇ ਮੁੱਖ ਭੰਗ ਜਿਸਨੂੰ ਸ਼ੀਸ਼ਾ ਆਤਸੀ ਕੱਢ ਵਖਾਉਨੇਹਾਂ॥ਮਿਰਗੀਹੋਵੇ ਜਿਸਨੂੰ ਪੈਰੋਂਲਾਹਿ ਛਿੱਤਰ ਰੱਖ ਨੱਕ ਤੇ ਚਾਇ ਸੁੰਘਾਉਨੇ ਹਾਂ ॥ ਝੋਲਾ ਮਾਰ ਜਾਵੇ ਜਿਸ ਆਦਮੀਨੂੰ ਓਹਨੂੰ ਤੇਲ ਸੁਹਾਂਝਨੇਲਾਉਨੇਹਾਂ ॥ ਬਾਂਹਾਂ ਸੁਕ ਜਾਵਨਟੰਗਾਂ ਸੁੰਨਹੋਵਨ ਕੱਢਪੈਨਦਾ ਤੇਲ ਮਲਾਉਨੇ ਹਾਂ ॥ ਰੰਨ ਮਰਦਨੂੰ ਕਾਮ ਜੇ ਕਰੇਢਖਲਾ ਧਨੀਆਂ ਘੋਟਕੇ ਚਾਇ ਖਿਲਾਉਨੇ ਹਾਂ ॥ ਪੂਨੇਹ ਸੁਜ਼ਾਖ਼ਤੇ ਲਾਲਮੂਤ੍ਰ ਓਹਨੂੰਇੰਦ੍ਰੀ

ਝਾੜ ਕਰਾਉਨੇਹਾਂ॥ਤੇ ਨਾਮਰਦਾਂ ਨੂੰਚੀਰਵਹੁਟੀਆਂਦਾ ਤੇਲ
ਕੱਢਕੇ ਚਾ ਮਲਾਉਨੇਹਾਂ ॥ ਜੇਕਰ ਕਿਸੇਨੂੰਬਾਦਫਿਰੰਗ ਹੋਵੇ
ਓਹਨੂੰਰਸਕਾਪੂਰ ਖਵਾਉਨੇ ਹਾਂ ॥ ਅਤੀਸਾਰ ਨਿਬਾਹੀ ਤੇ
ਬੇਲਚੀਰਏਈਸਬਗੋਲ ਹੀ ਘੋਲਪਿਲਾਉਨੇ ਹਾਂ ॥ ਤੇਰਾਸਿਨ
ਸੈ ਤਾਪਨੂੰ ਕੱਢ ਦੇਸੋਂ ਅਠਾਰਾਂਕੋੜ੍ਹਨੂੰਤੁਰਤਗਵਾਉਨੇਹਾਂ ॥
ਹੁਕਮ ਸਾਈਂਦੇ ਨਾਲ ਸਭ ਰੋਗ ਜਾਵਨ ਜਿਸਨੂੰ ਮੇਹਰਦੇ
ਹੱਥ ਵੀ ਲਾਉਨੇ ਹਾਂ ॥ ਵਾਰਸ ਸ਼ਾਹਜੇਹੜੀਉਠਬਹੇਨਾਹੀਂ
ਓਹਨੂੰ ਮੁੱਢੋਂ ਹੀ ਹੱਥ ਨਾ ਲਾਉਨੇ ਹਾਂ ॥

॥ ਜਵਾਬ ਸਹਿਤੀ ॥

ਲੱਖ ਵੈਦਗੀ ਵੈਦ ਲਗਾਇ ਥੱਕੇ ਧੁਰੋਂ ਟੁਟੜੀ ਕਿਸੇ ਨਾ
ਜੋੜਨੀ ਵੇ ॥ ਜਿੱਥੇ ਕਲਮ ਤਕਦੀਰ ਦੀ ਵੱਗ ਚੁੱਕੀ ਕਿਸੇ
ਵੈਦਗੀ ਨਾਲ ਨਾ ਮੋੜਨੀ ਵੇ ॥ ਜਿਸ ਕੰਮ ਵਿੱਚ ਵਹੁਟੜੀ
ਹੋਇ ਰਾਜ਼ੀ ਸੋਈ ਖੈਰ ਹੀ ਅਸਾਂਨੂੰ ਲੋੜਨੀ ਵੇ॥ ਕਰਾਮਾਤ
ਹੋਵੇ ਫਿਰੇਂ ਮੰਗਦਾ ਕਿਉਂਜਿੰਦ ਵਿਚ ਨ ਹੱਥਦੇਬੋੜਨੀਵੇ॥
ਵਾਰਸਸ਼ਾਹ ਅਜ਼ਾਰ ਹੋਰ ਸਭ ਮੁੜਦੇ ਰਜ਼ਾ ਰੱਬ ਦੀ
ਕਿਸੇ ਨਾ ਮੋੜਨੀ ਵੇ ॥

॥ ਕਲਾਮ ਜੋਗੀ ॥

ਮੰਨ ਜਾਹ ਕੁਰਾਨ ਵਿੱਚ ਹੁਕਮ ਹੋਇਆ ਗਲਫਕਰਦੀ ਨੂੰ
ਨਹੀਂ ਹੱਸੀਏਨੀ ॥ ਫ਼ਕਰ ਕਹਿਨ ਜੇਹੜੀਸੋਈਰੱਬਕਰਦਾ
ਕਹੇ ਫਕਰਦੇ ਥੀਂ ਨਹੀਂ ਨੱਸੀਏ ਨੀ ॥ ਹੋਇਖੈਰ ਤਾਂ ਦੇਹ

ਦਾ ਰੋਗ ਜਾਏ ਨਾਲ ਖੁਸ਼ੀ ਦੇ ਪਹਿਨੀਏ ਹੱਸੀਏ ਨੀ ॥ ਭਲਾ ਬੁਰਾ ਜੇ ਦੇਖੀਏ ਮਾਫ਼ ਕਰੀਏ ਭੇਦ ਫ਼ਕਰ ਦਾ ਮੂਲ ਨਾ ਦੱਸੀਏ ਨੀ ॥ ਹੱਥ ਬੰਨ੍ਹ ਫਕੀਰ ਤੋਂ ਦੁਵਾਇ ਲਈਏ ਨਹੀਂ ਟੋਪੀਆਂ ਸੇਲ੍ਹੀਆਂ ਖੱਸੀਏ ਨੀ ॥ ਦੁਖ ਦਰਦ ਤੇਰੇ ਸਭ ਦੂਰ ਹੋਵਨ ਭੇਦ ਜੀਉ ਦਾ ਖੋਲ੍ਹ ਕੇ ਦੱਸੀਏ ਨੀ ॥ ਘੁੰਡ ਖੋਲ੍ਹ ਵਿਖਾਇ ਜੇ ਹੋਇ ਚੰਗੀ ਅਨੀ ਭੋਲੀਏ ਇਆਣੀਏ ਸੱਸੀਏ ਨੀ ॥ ਰੱਬ ਆਨ ਸਬੱਬ ਜਾਂ ਮੇਲਦਾਈ ਖੈਰ ਹੋਇ ਜਾਂਦੀ ਨਾਲ ਲੱਸੀਏ ਨੀ ॥ ਸੁਲਹ ਕੀਤਿਆਂ ਫਤੇ ਜੇ ਹਥ ਆਵੇ ਕਮਰ ਜੰਗ ਤੇ ਮੂਲ ਨਾ ਕੱਸੀਏ ਨੀ ॥ ਤੇਰੇ ਦਰਦ ਦਾ ਸਭ ਇਲਾਜ ਕਰਸਾਂ ਵਾਰਸ ਸ਼ਾਹ ਨੂੰ ਵੇਦਨਾ ਦੱਸੀਏ ਨੀ ॥

॥ ਕਲਾਮ ਸਹਿਤੀ ॥

ਸਹਿਤੀ ਆਖਦੀ ਗੱਜ ਕੇ ਛੱਡ ਜੱਟਾ ਖੋਹ ਸਭ ਨਿਵਾਲੀਆਂ ਸੱਟੀਆਂ ਨੀ ॥ ਹੋਰ ਸਭ ਜਾਤਾਂ ਠਗ ਖਾਹਦੀਆਂ ਨੀ ਪਰ ਏਸ ਵੇਹੜੇ ਵਿਚ ਜੱਟੀਆਂ ਨੀ ॥ ਅਸਾਂ ਏਤਨੀ ਗੱਲ ਮਾਲੂਮ ਕੀਤੀ ਪਰ ਜੱਟੀਆਂ ਮੁਲਕ ਦੀਆਂ ਝੱਟੀਆਂ ਨੀ ॥ ਓਹ ਹੋਰ ਕੀ ਜਾਨਦੀਆਂ ਕਿਸੇ ਤਾਂਈਂ ਜਿਨਾਂ ਮੁਨਸਾਂ ਦੀਆਂ ਦਾੜ੍ਹੀਆਂ ਪੱਟੀਆਂ ਨੀ ॥ ਡੂੰਮਾਂ ਕੰਜਰਾਂ ਰਾਵਲਾਂ ਜੱਟੀਆਂ ਦੀਆਂ ਜੀਭਾਂ ਧੁਰੋਂ ਸ਼ੈਤਾਨ ਨੇ ਚੱਟੀਆਂ ਨੀ ॥ ਪਰ ਅਸਾਂ ਭੀ ਜਿਨਾਂ ਨੂੰ ਹਥ ਲਾਏ ਓਹ ਬੂਟੀਆਂ ਜੜ੍ਹਾਂ ਤੋਂ ਪੱਟੀਆਂ ਨੀ ॥ ਪੋਲੇ ਢਿੱਡ ਤੇ ਅਕਲ ਦੀ ਮਾਰ ਵਾਰਸ ਪੀਣ ਛਾਹ ਤ੍ਰਿਬੇਹੀਆਂ ਖੱਟੀਆਂ ਨੀ ॥

॥ ਕਲਾਮ ਜੋਗੀ ॥

ਹੌਲੀ ਸਹਿਜ ਸੁਭਾਇ ਦੀ ਗੱਲ ਕਰੀਏ ਨਹੀਂ ਕੜਕੀਏ ਬੋਲੀਏ ਗੱਜੀਏਨੀ ॥ ਲੱਖ ਝਟ ਤਰਲੇ ਕੋਈ ਫਿਰੇ ਕਰਦਾ ਵਿਤੇ ਰਬਦੇ ਬਾਝ ਨਾ ਰੱਜੀਏ ਨੀ ॥ ਧਜਾਨ ਰੱਬਦੇ ਰਖ ਨਾ ਹੋ ਕਮਲੀ ਲਖ ਹੋਨ ਔਗਨ ਤਾਂ ਭੀ ਕੱਜੀਏ ਨੀ ॥ ਅਸੀਂ ਨਜ਼ਰ ਕਰੀਏ ਤੁਰਤ ਹੋਨ ਚੰਗੇ ਜਿਨ੍ਹਾਂ ਰੋਗੀਆਂ ਤੇ ਜਾ ਵੱਜੀਏ ਨੀ ॥ ਚੌਦਾਂ ਤਬਕਾਂ ਦੀ ਖਬਰ ਫਕੀਰ ਰੱਖਨ ਮੂੰਹ ਤਿਨ੍ਹਾਂ ਤੋਂ ਕਾਸਨੂੰ ਕੱਜੀਏ ਨੀ ॥ ਜੈਂਦੇ ਹੁਕਮ ਵਿਚ ਸਾਸ ਪਰਾਨ ਤੇਰੇ ਉਸ ਰਬ ਤੋਂ ਕਾਸਨੂੰ ਭੱਜੀਏ ਨੀ ॥ ਸਾਰੀ ਉਮਰ ਜੋ ਪਲੰਘ ਤੇ ਰਹੇਂ ਢੱਠੀ ਏਸ ਅਕਲਦੇ ਨਾਲ ਕੁਚੱਜੀਏ ਨੀ ॥ ਸ਼ਰਮ ਜੇਠ ਤੇ ਸਹੁਰਿਓਂ ਵਾਜਬੀ ਹੈ ਮੂੰਹ ਫ਼ਕਰ ਤੋਂ ਕਾਸਨੂੰ ਕੱਜੀਏ ਨੀ॥ ਵਾਰਸਸ਼ਾਹ ਤਾਂ ਇਸ਼ਕਦੀ ਨਬਜ਼ ਦਿੱਸੇ ਪਹਿਲੇ ਆਪਣੇ ਆਪਨੂੰ ਤੱਜੀਏਨੀ ॥

॥ ਕਲਾਮ ਸਹਿਤੀ ॥

ਕੇਹੀ ਵੈਦਗੀ ਆਨ ਜਗਾਇ ਬੈਠੋਂ ਕਿਸ ਵੈਦ ਨੇ ਦਸ ਪੜ੍ਹਾਇਆਹੈਂ ॥ ਵਾਂਗ ਚੌਧਰੀ ਆਣਕੇ ਪੈਂਚ ਬਣਿਓਂ ਕਿਸ ਚਿੱਠੀਆਂ ਲਿਖ ਸਦਾਇਆ ਹੈਂ ॥ ਸੇਲ੍ਹੀ ਟੋਪੀਆਂ ਪਹਿਨਕੇ ਲਗੜ ਵਾਂਗੂ ਤੂੰ ਤਾਂ ਸ਼ਾਹ ਭੋਲੂ ਬਨ ਆਇਆ ਹੈਂ ॥ ਫੰਡੇ ਫੰਦ ਫਰੇਬ ਤੇ ਦਗੇ ਪੜ੍ਹਿਓਂ ਇਵੇਂ ਕੰਨ ਪੜਾਇ ਗਵਾਇਆਂ ਹੈਂ ॥ ਨਾ ਤੂੰ ਜੱਟ ਰਹਿਓਂ ਨਾ ਤੂੰ ਫਕਰ ਹੋਇਓਂ ਐਵੇਂ ਮੁੰਨਕੇ

ਘੱਨ ਕਰਾਇਆ ਹੈਂ ॥ ਨਾ ਤੂੰ ਜੀਮਿਓਂ ਨਾ ਕਿਸੇਮਤਦਿਤੀ
ਮੂਲਪੁਟਕੇ ਕਿਸੇਨਾ ਲਾਇਆਹੈਂ॥ਬੁਰੇ ਦਿਨਾਂਦੀਆਂ ਫੇਰੀਆਂ
ਏਹ ਹੈਨੀ ਅਜ ਰਬਨੇ ਠੀਕ ਕੁਟਾਇਆ ਹੈਂ ॥ ਵਾਰਸਸ਼ਾਹ
ਕਰ ਬੰਦਗੀਰੱਬਦੀਤੂੰ ਜਿਸ ਵਾਸਤੇ ਰਬ ਬਨਾਇਆ ਹੈਂ ॥

॥ ਕਲਾਮ ਜੋਗੀ ॥

ਤੇਰੀ ਜੀਭ ਚਲਾਕ ਛਲ ਛਿੱਦ੍ਰਨੇਨੀ ਚੋਰਾਂਵਾਂਗਕੀ ਸੇਲ੍ਹੀਆਂ
ਸਿੱਲ੍ਹੀਆਂਨੀ॥ ਪੈਰੀ ਖਿੱਲੀਆਂਹੋਂਦੀਆਂਫਿਰਦੀਆਂਨੀਤੇਰੀ
ਜੀਭ ਹਰਿਆਈਏ ਖਿੱਲੀਆਂ ਨੀ ॥ ਕੇਹਾ ਰੋਗ ਹੈਗਾ ਏਸ
ਵਹੁਟੜੀਨੂੰ ਇਕੇ ਮਾਰਦੀ ਫਿਰੇ ਟਪੱਲੀਆਂਨੀ ॥ ਕਿਸੇ ਏਸ
ਨੂੰ ਢਾ ਮਸਾਨ ਘੱਤੇ ਫੜਨੰਠੋਕੀਆਂ ਸਾਰਦੀਆਂਕਿੱਲੀਆਂਨੀ॥
ਸੀਸ ਵੈਦਤੇ ਧੂਪਹੋਰਫੂਲ ਹਰਮਲ ਹਰੇਸ਼ੀਂਹਦੀਆਂਛਮਕਾਂ
ਗਿੱਲੀਆਂ ਨੀ ॥ ਝਟ ਕਰਾਂ ਮੈਂ ਜਤਨ ਝੜ ਪੈਨ ਕਾਮਨ
ਅਨੀ ਕਮਲੀਓ ਹੋ ਨਾ ਢਿੱਲੀਆਂ ਨੀ ॥ ਹੱਥ ਫੇਰਕੇ ਤੁਧਨੂੰ
ਕਰਾਂ ਝਾੜਾ ਫਿਰੇਂ ਤ੍ਰਿੰਵਨੀ ਮਾਰਦੀ ਖਿੱਲੀਆਂਨੀ ॥ ਰੱਬ
ਵੈਦ ਪੱਕਾ ਘਰਘੱਲਿਆਜੇ ਫਿਰੋ ਭਾਲਦੇਪੂਰਬਤੇਦਿੱਲੀਆਂ
ਨੀ॥ਵਾਰਸਸ਼ਾਹ ਪਰੇਮਦੀ ਜੜੀ ਘੱਤੀ ਅੱਖੀਂ ਹੀਰ ਦੀਆਂ
ਕੱਚੀਆਂ ਪਿੱਲੀਆਂ ਨੀ ॥

॥ ਕਲਾਮ ਸਹਿਤੀ ॥

ਮਰੇਨਾਲ ਤਾਂ ਵੈਰਕੀਪਿਆ ਚਾਕਾ ਮੱਖਾ ਸੋਕਣਾਂ ਵਾਂਗ ਕੀ
ਡਾਹਿਆਈ॥ਐਵੇਂ ਘੂਰਕੇਮੁਲਖਨੂੰ ਫਿਰੇਂ ਖਾਂਦਾ ਕਦੇ ਸੌਤਰਾ

ਮੂਲ ਨਾ ਵਾਹਿਆਈ ॥ ਕਿਸੇ ਜੋਗੀ ਨੇ ਸੱਦ ਫ਼ਕੀਰ ਕੀਤਾ ਅਣਜਾਣ ਨੇ ਖੂਹੜੇ ਪਾਇਆਈ ॥ ਮਾਂ ਪਿਉ ਗੁਰ ਪੀਰਨੂੰ ਛੱਡ ਆਇਓਂ ਕਿਸੇ ਨਾਲ ਨਾ ਕੌਲ ਨਿਬਾਹਿਆਈ॥ ਬੁੱਢਾ ਬਾਪ ਰੋਂਦਾ ਘਰ ਛੱਡ ਆਇਓਂ ਓਹਦਾ ਅਰਸ਼ਦਾ ਕਿੰਗਰਾ ਢਾਹਿਆਈ ॥ ਪੈਰ ਰੱਖਕੇ ਆਪਣਾ ਪਾਲਿਆਈ ਕਿਤੇ ਰੰਨ ਨੂੰ ਚਾ ਤਰਾਹਿਆਈ ॥ ਡੱਬੀਪੂਰ ਦਿਆ ਲੱਲਵਲੱਲਿਆਵੇ ਸਾਡੇ ਨਾਲ ਕੀ ਖਰਰ ਪੈਂਚਾਇਆਈ ॥ ਸੁਆਹ ਲਾਈਆ ਬਾਣ ਨਾਂ ਲੱਥੀਆਵੇ ਐਵੇਂ ਕੱਪੜੇਚੀਥੜੇਲਾਹਿਆਈ॥ਆਉ ਆਖਣੀਹਾਂਵਲਜਾਹਸਾਥੋਂ ਗਾਂਡੂਸਾਥਲੱਧੋਦੜਾਆਇਆਈ॥

॥ ਕਲਾਮ ਜੋਗੀ ॥

ਮਾਣ ਮੱਤੀਏ ਰੂਪ ਗੁਮਾਨ ਭਰੀਏ ਭੈੜੇ ਕਾਰੀਏ ਗਰਬ ਗਹੇਲੀਏ ਨੀ ॥ ਐਡੇ ਫੰਦ ਫਰੇਬ ਕਿਉਂ ਖੇਡਦੀ ਹੈਂ ਕਿਸੇ ਵੱਡੇ ਉਸਤਾਦਦੀਏਚੇਲੀਏਨੀ॥ਏਸ ਹੁਸਨਦਾਨਾਹਿਗੁਮਾਨ ਕਰੀਏ ਮਾਨਮੱਤੀਏਤੇਅਠਖੇਲੀਏ ਨੀ॥ ਤੇਰੀ ਭਾਬੀ ਦੀ ਨਹੀਂ ਪਰਵਾਹ ਕੋਈ ਵੱਡੀਹੀਰਦੀ ਅੰਗ ਸਹੇਲੀਏ ਨੀ ॥ ਮਿਲੇ ਸਿਰਾਂਨੂੰਨਾਵਛੋੜੀਏਨੀਹਥੋਂ ਵਿਛੜੇਸਿਰਾਂ ਨੂੰ ਮੇਲੀਏ ਨੀ॥ਕਿਆ ਵਾਦ ਫ਼ਕੀਰ ਦੇ ਨਾਲ ਚਾਇਆ ਪਿਛਾ ਛੱਡ ਅਣੋਖੀਏਲੇਲੀਏਨੀ ॥ ਇਹ ਜੱਟੀ ਸੀ ਕੂੰਜ ਤੇ ਜੱਟ ਉੱਲੂ ਪਰੀ ਬੱਧੀਆ ਜੇ ਗਲ ਖੋਲੀਏ ਨੀ॥ਵਾਰਸਜਿਨਸਦੇਨਾਲ ਹਮ ਜਿਨਸ ਹੁੰਦੇਭੌਰ ਭਾਜਨਾਂ ਗਧੇ ਨਾ ਮੇਲੀਏ ਨੀ॥